Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 244 | Monday, December 13, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਕੁਈਨਜ਼ ਯੂਨੀਵਰਸਿਟੀ ਨੇ ਇਨ-ਪਰਸਨ ਪ੍ਰੀਖਿਆਵਾਂ ਕੀਤੀਆਂ ਮੁਲਤਵੀ

ਓਨਟਾਰੀਓ, 12 ਦਸੰਬਰ (ਪੋਸਟ ਬਿਊਰੋ) : ਕਮਿਊਨਿਟੀ ਵਿੱਚ ਕੋਵਿਡ-19 ਕੇਸਾਂ ਵਿੱਚ ਹੋ ਰਹੇ ਇਜਾਫੇ ਦੇ ਚੱਲਦਿਆਂ ਕੁਈਨਜ਼ ਯੂਨੀਵਰਸਿਟੀ ਨੇ ਇਨ ਪਰਸਨ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਹਨ।

ਕੁਈਨਜ਼ ਯੂਨੀਵਰਸਿਟੀ ਦਾ ਕਹਿਣਾ ਹੈ ਕਿ 22 ਦਸੰਬਰ ਤੱਕ ਜਿਹੜੀਆਂ ਪ੍ਰੀਖਿਆਵਾਂ ਹੋਣੀਆਂ ਸਨ ਉਨ੍ਹਾਂ ਨੂੰ ਹੁਣ ਕਿਸੇ ਹੋਰ ਬਦਲਵੇਂ ਫੌਰਮੈਟ ਦੇ ਹਿਸਾਬ ਨਾਲ ਲਿਆ ਜਾਵੇਗਾ ਤੇ ਜਿਹੜੀਆਂ ਇਨ ਪਰਸਨ ਪ੍ਰੀਖਿਆਵਾਂ ਸਨ ਉਨ੍ਹਾਂ ਨੂੰ ਨਵੇਂ ਸਾਲ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਨੇ ਇੱਕ ਬਿਆਨ ਵਿੱਚ ਆਖਿਆ ਕਿ 13 ਅਤੇ 14 ਦਸੰਬਰ ਲਈ ਨਿਰਧਾਰਤ ਪ੍ਰੀਖਿਆਵ ਹੁਣ ਕਿਸੇ



ਹੋਰ ਤਰੀਕ ਨੂੰ ਹੋਣਗੀਆਂ। ਇਸ ਐਲਾਨ ਦਾ ਪਹਿਲਾਂ ਤੋਂ ਹੀ ਨਿਰਧਾਰਤ ਆਨਲਾਈਨ ਪ੍ਰੀਖਿਆਵਾਂ ਉੱਤੇ ਕੋਈ ਅਸਰ ਨਹੀਂ ਹੋਵੇਗਾ, ਉਹ ਪਹਿਲਾਂ ਤੋਂ ਨਿਰਧਾਰਤ ਸ਼ਡਿਊਲ ਦੇ ਹਿਸਾਬ ਨਾਲ ਹੀ ਹੋਣਗੀਆਂ।

ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਲਾਇਬ੍ਰੇਰੀ ਤੇ ਅਥਲੈਟਿਕਸ ਐਂਡ ਰੀਕ੍ਰੀਏਸ਼ਨ ਸੈਂਟਰਜ਼ ਦੀ ਕਪੈਸਿਟੀ ਲਿਮਿਟ ਵੀ ਘਟਾ ਦਿੱਤੀ ਗਈ ਹੈ। ਇਹ ਤਬਦੀਲੀਆਂ ਉਸ ਸਮੇਂ ਆਈਆਂ ਜਦੋਂ ਕਿੰਗਸਟਨ, ਓਨਟਾਰੀਓ ਸਕੂਲ ਨੇ ਵਿਦਿਆਰਥੀਆਂ ਨਾਲ ਸਬੰਧਤ ਵਾਇਰਸ ਆਊਟਬ੍ਰੇਕ ਦੀ ਪੁਸ਼ਟੀ ਕੀਤੀ ਤੇ ਲੋਕਲ ਹੈਲਥ ਯੂਨਿਟ ਨੇ ਐਲਾਨ ਕੀਤਾ ਕਿ ਓਮਾਈਕ੍ਰੌਨ ਵੇਰੀਐਂਟ ਦੇ ਮਾਮਲੇ ਦਾ ਟਰੈਵਲ ਨਾਲ ਕੋਈ ਲੈਣਾ ਦੇਣਾ ਨਹੀਂ।

# ਮਿਸੀਸਾਗਾ ਕਨਵੈਂਸ਼ਨ ਸੈਂਟਰ ਵਿੱਚ ਕੋਵਿਡ-19 ਐਕਸਪੋਜ਼ਰ ਦੀ ਹੋਈ ਪੁਸ਼ਟੀ



ਮਿਸੀਸਾਗਾ, 12 ਦਸੰਬਰ (ਪੋਸਟ ਬਿਊਰੋ) : ਪੀਲ ਪਬਲਿਕ ਹੈਲਥ ਵੱਲੋਂ ਲੋਕਾਂ ਨੂੰ ਕੋਵਿਡ-19 ਦੇ ਸੰਭਾਵੀ ਐਕਸਪੋਜ਼ਰ ਲਈ ਚੇਤਾਵਨੀ ਦਿੱਤੀ ਜਾ ਰਹੀ ਹੈ।

ਹੈਲਥ ਅਧਿਕਾਰੀਆਂ ਵੱਲੋਂ 2 ਦਸੰਬਰ ਨੂੰ ਮਿਸੀਸਾਗਾ ਕਨਵੈਂਸ਼ਨ ਸੈਂਟਰ ਵਿੱਚ ਇੱਕ ਈਵੈਂਟ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਇਹ ਹਦਾਇਤ ਕੀਤੀ ਜਾ ਰਹੀ ਹੈ ਕਿ ਉਹ ਖੁਦ ਨੂੰ ਆਈਸੋਲੇਟ ਕਰ ਲੈਣ ਤੇ ਆਪਣਾ ਕੋਵਿਡ-19 ਟੈਸਟ ਜ਼ਰੂਰ ਕਰਵਾਉਣ। ਇੱਕ ਬਿਆਨ ਵਿੱਚ ਹੈਲਥ ਯੂਨਿਟ ਨੇ ਆਖਿਆ ਕਿ ਇਸ ਈਵੈਂਟ ਵਿੱਚ ਹਿੱਸਾ ਲੈਣ ਵਾਲਿਆਂ ਦਾ ਵੈਕਸੀਨੇਸ਼ਨ ਸਟੇਟਸ ਜੋ ਵੀ ਹੋਵੇ ਉਨ੍ਹਾਂ ਨੂੰ ਟੈਸਟ ਕਰਵਾਉਣ ਦੇ ਨਾਲ ਨਾਲ ਖੁਦ ਨੂੰ ਆਈਸੋਲੇਟ ਕਰਨ ਦੀ ਵੀ ਲੋੜ ਹੈ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਈਵੈਂਟ ਵਿੱਚ ਕਿੰਨੇ ਲੋਕਾਂ ਨੇ ਸਵੇਰੇ 8:30 ਤੋਂ ਸ਼ਾਮ ਦੇ 5:30 ਵਜੇ ਤੱਕ ਹਿੱਸਾ ਲਿਆ ਸੀ ਜਾਂ ਫਿਰ ਇਸ ਈਵੈਂਟ ਨਾਲ ਸਬੰਧਤ ਕਿੰਨੇ ਕੇਸ ਸਾਹ-ਮਣੇ ਆ ਚੁੱਕੇ ਹਨ। ਟੈਸਟਿੰਗ ਕਰਵਾਉਣ ਦੇ ਚਾਹਵਾਨਾਂ ਨੂੰ ਟੈਸਟਿੰਗ ਕਰਨ ਵਾਲਿਆਂ ਨੂੰ ਆਊਟਬ੍ਰੇਕ ਨੰਬਰ 2253-2021-52829 ਦੇਣ ਲਈ ਆਖਿਆ ਗਿਆ ਹੈ।ਪਬਲਿਕ ਹੈਲਥ ਅਧਿਕਾਰੀਆਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸੈਲਫ ਆਈਸੋਲੇਟ ਕਰਨ ਵਿੱਚ ਅਸਫਲ ਰਹਿਣ ਵਾਲੇ ਨੂੰ ਸੈਕਸ਼ਨ 22 ਕਲਾਸ ਆਰਡਰ ਤਹਿਤ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

# ਓਨਟਾਰੀਓ ਵਿੱਚ ਲਗਾਤਾਰ ਵੱਧ ਰਹੇ ਹਨ ਕੋਵਿਡ-19 ਦੇ ਮਾਮਲੇ, 11 ਮੌਤਾਂ ਹੋਰ ਹੋਈਆਂ

ਓਨਟਾਰੀਓ, 12 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਹੈਲਥ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕੋਵਿਡ-19 ਦੇ 1453 ਨਵੇਂ ਮਾਮਲੇ ਦਰਜ ਕੀਤੇ। ਅੱਜ ਰਿਪੋਰਟ ਕੀਤੇ ਗਏ ਨਵੇਂ ਮਾਮਲਿਆਂ ਤੋਂ ਇਲਾਵਾ ਅਧਿਕਾਰੀਆਂ ਨੇ 11 ਨਵੀਆਂ ਮੌਤਾਂ ਵੀ ਦਰਜ ਕੀਤੀਆਂ। ਇਨ੍ਹਾਂ ਨਾਲ ਪ੍ਰੋਵਿੰਸ ਵਿੱਚ ਕੋਵਿਡ-19 ਕਾਰਨ ਹੋਣ ਵਾਲੀਆਂ ਮੌਤਾਂ ਦੀ ਕੁੱਲ ਗਿਣਤੀ 10,065 ਤੱਕ ਅੱਪੜ ਗਈ ਹੈ। ਵੀਰਵਾਰ ਨੂੰ ਅਧਿਕਾਰੀਆਂ ਵੱਲੋਂ ਕੋਵਿਡ-19 ਦੇ 1, 115 ਮਾਮਲੇ ਰਿਕ-ਾਰਡ ਕੀਤੇ ਗਏ ਸਨ ਜਦਕਿ ਮੰਗਲਵਾਰ ਨੂੰ ਇਨ੍ਹਾਂ ਮਾਮਲਿਆਂ ਦੀ ਗਿਣਤੀ 928 ਤੱਕ ਹੀ ਸੀ।


ਪਿਛਲੇ ਹਫਤੇ ਓਨਟਾਰੀਓ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ 866 ਸੀ ਜਦਕਿ ਸੱਤ ਦਿਨਾਂ ਦੀ ਔਸਤ ਦੇ ਹਿਸਾਬ ਨਾਲ ਹੁਣ ਇਹ 1,055 ਹੋ ਗਈ ਹੈ। ਪਿਛਲੇ 24 ਘੰਟਿਆਂ ਵਿੱਚ



39,941 ਟੈਸਟ ਕੀਤੇ ਗਏ ਤੇ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਸਮੇਂ ਪ੍ਰੋਵਿੰਸ ਵਿੱਚ ਪਾਜ਼ੀਟੀਵਿਟੀ ਦਰ 4.4 ਫੀ ਸਦੀ ਹੈ। ਸ਼ੁੱਕਰਵਾਰ ਨੂੰ ਸਾਹਮਣੇ ਆਈਆਂ ਨਵੀਆਂ ਇਨਫੈਕਸ਼ਨਜ਼ ਮੁਤਾਬਕ 613 ਮਾਮਲੇ ਅਜਿਹੇ ਸਨ ਜਿਨ੍ਹਾਂ ਦਾ ਟੀਕਾਕਰਣ ਨਹੀਂ ਸੀ ਹੋਇਆ, 26 ਅਜਿਹੇ ਮਾਮਲੇ ਸਨ ਜਿਨ੍ਹਾਂ ਨੇ ਅੱਧਾ ਟੀਕਾਕਰਣ ਕਰਵ-ਾਇਆ ਹੋਇਆ ਸੀ ਤੇ 96 ਮਾਮਲੇ ਅਜਿਹੇ ਸਨ ਜਿਨ੍ਹਾਂ ਦੇ ਵੈਕਸੀਨੇਸ਼ਨ ਦਾ ਸਟੇਟਸ ਹੀ ਕਿਸੇ ਨੂੰ ਨਹੀਂ ਸੀ ਪਤਾ। 718 ਮਾਮਲੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਵਿੱਚ ਸਾਹਮਣੇ ਆਏ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਸਕਾਰਬਰੋ, 12 ਦਸੰਬਰ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਸਕਾਰਬਰੋ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ 7:30 ਵਜੇ ਦੇ ਨੇੜੇ ਤੇੜੇ ਉਨ੍ਹਾਂ ਨੂੰ ਇਹ ਖਬਰ ਮਿਲੀ ਕਿ ਇੱਕ ਰਾਹਗੀਰ ਨੂੰ ਗੱਡੀ ਵੱਲੋਂ ਟੱਕਰ ਮਾਰੀ ਗਈ ਹੈ। ਇਸ ਤੋਂ ਬਾਅਦ ਉਨ੍ਹਾਂ ਨੂੰ ਕੈਨੇਡੀ ਰੋਡ ਨੇੜੇ ਸ਼ੈਪਰਡ ਐਵਨਿਊ ਈਸਟ ਤੇ ਐਲਨਫੋਰਡ ਰੋਡ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਵਿੱਚ



ਸਾਹ ਸਤ ਵੀ ਨਹੀਂ ਸੀ ਲੱਗ ਰਿਹਾ। ਉਸ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੌਕੇ ਉੱਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਪੁਲਿਸ ਨੇ ਦੱਸਿਆ ਕਿ ਡਰਾਈਵਰ ਚਿੱਟੇ ਰੰਗ ਦੀ ਐਸਯੂਵੀ ਵਿੱਚ ਮੌਕੇ ਤੋਂ ਫਰਾਰ ਹੋ ਗਿਆ। ਇਹ ਵੀ ਦੱਸਿਆ ਗਿਆ ਕਿ ਇਸ ਗੱਡੀ ਦੇ ਸਾਹਮਣੇ ਵਾਲੇ ਹਿੱਸੇ ਨੂੰ ਕਾਫੀ ਨੁਕਸਾਨ ਪਹੁੰਚਿਆ ਹੋਵੇਗਾ।

# ਫੈਡਰਲ ਸਰਕਾਰ ਨੇ ਕੈਨੇਡੀਅਨਜ਼ ਨੂੰ ਟਰੈਵਲ ਨਾ ਕਰਨ ਦੀ ਦਿੱਤੀ ਸਲਾਹ

ਓਟਵਾ, 12 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਕੈਨੇਡੀਅਨਜ਼ ਨੂੰ ਇਸ ਹਾਲੀਡੇਅ ਸੀਜ਼ਨ ਕੌਮਾਂਤਰੀ ਟਰੈਵਲ ਤੋਂ ਸਿੱਧਾ ਸਿੱਧਾ ਵਰਜ ਨਹੀਂ ਰਹੀ ਪਰ ਨਾ ਹੀ ਖੁੱਲ੍ਹ ਕੇ ਕੈਨੇਡੀਅਨਜ਼ ਨੂੰ ਘੁੰਮਣ ਫਿਰਣ ਦੀ ਮਨਜ਼ੂਰੀ ਹੀ ਦੇ ਰਹੀ ਹੈ। ਸਰਕਾਰ ਵੱਲੋਂ ਇਹ ਆਖਿਆ ਗਿਆ ਹੈ ਕਿ ਓਮਾਇਕ੍ਰੌਨ ਵੇਰੀਐਂਟ ਤੇਜ਼ੀ ਨਾਲ ਫੈਲਣ ਕਾਰਨ ਖਤਰਾ ਤੇ ਅਸਥਿਰਤਾ ਹੈ। ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਅਪਡੇਟ ਵਿੱਚ ਸਿਹਤ ਮੰਤਰੀ ਜੀਨ ਯਵੇਸ ਡਕਲਸ ਕੈਨੇਡੀਅਨਜ਼ ਨੂੰ ਬੱਸ ਇਹ ਕਹਿਣ ਤੋਂ ਝਿਜਕ ਗਏ ਕਿ ਘਰ ਵਿੱਚ ਹੀ ਰਹੋ। ਪਰ ਉਨ੍ਹਾਂ ਸਮੁੰਦਰੋਂ ਪਾਰ ਛੁੱਟੀਆਂ ਉੱਤੇ ਜਾਣ ਨਾਲ ਜੁੜੀਆਂ ਤਲਖ ਹਕੀਕਤਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਜ਼ਰੂਰ ਕੀਤੀ। ਉਨ੍ਹਾਂ ਆਖਿਆ ਕਿ ਉਹ ਟਰੈਵਲ ਕਰਨ ਦੀ ਯੋਜਨਾ ਬਣਾ ਰਹੇ ਲੋਕਾਂ ਨੂੰ ਇਹੋ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਦੁਨੀਆ ਵਿੱਚ ਕਿਤੇ ਵੀ ਚੀਜ਼ਾਂ ਤੇ ਹਾਲਾਤ ਤੇਜ਼ੀ ਨਾਲ ਬਦਲ ਸਕਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਜਦੋਂ ਗੱਲ ਵਿਦੇਸ਼ ਟਰੈਵਲ ਕਰਨ ਦੀ ਆਉਂਦੀ ਹੈ ਤਾਂ ਚੀਜ਼ਾਂ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ। ਉਨ੍ਹਾਂ ਆਖਿਆ ਕਿ ਜੇ ਹਾਲਾਤ ਵਿਗੜ ਗਏ ਤਾਂ ਪਹਿਲਾਂ ਵਾਂਗ ਹੀ ਪਾਬੰਦੀਆਂ ਲੱਗਣਗੀਆਂ, ਡਿਲੇਅਜ਼ ਹੋਣਗੀਆਂ ਤੇ ਕੁਆਰਨਟੀਨ ਦਾ ਸਿਲਸਿਲਾ ਮੁੜ ਸ਼ੁਰੂ ਹੋਵੇਗਾ। ਓਮਾਈਕ੍ਰੌਨ ਦੇ ਤੇਜ਼ੀ ਨਾਲ ਫੈਲਣ ਕਾਰਨ ਕੈਨੇਡਾ ਪਹਿਲਾਂ ਹੀ ਕਈ ਅਫਰੀਕੀ ਦੇਸ਼ਾਂ ਦੇ ਨਾਗਰਿਕਾਂ ਦੇ ਕੈਨੇਡਾ ਆਉਣ ਉੱਤੇ ਰੋਕ ਲਾ ਚੁੱਕਿਆ ਹੈ।

Best Insurance Rates
Life * Auto * Home * Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020
ਇੰਮੀਗਰੇਸ਼ਨ ਸੇਵਾਵਾਂ 10-20% Discount

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill (647)767-6665
gurdipgill1@hotmail.ca

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਰਾਣੇ ਗੁਰਜੀਤ ਤੇ ਨਵਤੇਜ ਚੀਮੇ ਦੇ ਭੇੜ ਵਿੱਚ ਨਵਜੋਤ ਸਿੱਧੂ ਵੀ ਚੀਮੇ ਨਾਲ ਆਣ ਖੜੋਤਾ



ਕਪੂਰਥਲਾ, 12 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਤੋਂ ਇਸ ਵਾਰ ਚੋਣ ਲੜਨ ਦੇ ਮੁੱਦੇ ਤੋਂ ਕਾਂਗਰਸ ਦੇ ਦੋ ਵਿਧਾਇਕ ਨਵਤੇਜ ਸਿੰਘ ਚੀਮਾ ਤੇ ਰਾਣਾ ਗੁਰਜੀਤ ਸਿੰਘ ਆਹਮੋ-ਸਾਹਮਣੇ ਹੋ ਗਏ ਜਾਪਦੇ ਹਨ। ਇਸ ਹਲਕੇ ਤੋਂ ਨਵਤੇਜ ਸਿੰਘ ਚੀਮਾ ਕਾਂਗਰਸ ਦੇ ਮੌਜੂਦਾ ਵਿਧਾਇਕ ਹਨ, ਪਰ ਕਪੂਰਥਲਾ ਹਲਕੇ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਵੀਇਸ ਹਲਕੇ ਤੋਂ ਚੋਣ ਲੜਨ ਦੀਆਂ ਤਿਆਰੀਆਂ ਕਰਚੁੱਕਾ ਹੈ। ਇੰਦਰ ਪ੍ਰਤਾਪ ਸਿੰਘ ਨੇ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਨਵਤੇਜ ਸਿੰਘ ਚੀਮਾ ਇਸ ਤਰ੍ਹਾਂ ਇੱਕ ਕਾਂਗਰਸੀ ਵਿਧਾਇਕ ਦੇ ਪਰਵਾਰ ਵੱਲੋਂ ਏਥੇ ਦਖਲ ਦੇਣ ਦਾ ਵਿਰੋਧ ਕਰ ਰਿਹਾ ਹੈ।
ਇਸ ਸਿਆਸੀ ਜੰਗ ਵਿੱਚਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਵੀ ਮੌਜੂਦਾ ਵਿਧਾਇਕ ਨਵਤੇਜ ਸਿੰਘ ਚੀਮਾ ਦੇ ਪੱਖ ਵਿੱਚਆ ਗਏ ਹਨ। ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਕਈ ਲੋਕ ਨਵਤੇਜ ਸਿੰਘ ਚੀਮਾ ਨੂੰ ਸੁੱਟਣਾਚਾਹੁੰਦੇ ਹਨ, ਪਰ ਮੈਂ ਇਸਨੂੰ ਜ਼ਮੀਨ ਨਾਲ ਇੰਜਜੋੜ ਦਿਆਂਗਾ ਕਿ ਕੋਈ ਹਿਲਾ ਨਹੀਂ ਸਕੇ।ਉਨ੍ਹਾਂ ਕਿਹਾ ਕਿ ਨਵਤੇਜ ਸਿੰਘ ਚੀਮਾ ਨੂੰ ਜੜ੍ਹ ਤੋਂ ਉਖਾੜਨ ਵਾਲੇ ਖ਼ੁਦ ਉੱਖੜ ਜਾਣਗੇ, ਪਰ ਮੈਂਚੀਮਾ ਨੂੰ ਕੁਝ ਨਹੀਂ ਹੋਣ ਦੇਵਾਂਗਾ।
ਵਰਨਣ ਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਪਿੱਛੋਂ ਨਵੀਂ ਕੈਬਨਿਟ ਦੇ ਮੰਤਰੀ ਬਣੇ ਰਾਣਾ ਗੁਰਜੀਤ ਸਿੰਘ ਦਾ ਵਿਰੋਧ ਕਰਨ ਵਾਲਿਆਂ ਵਿੱਚ ਵਿਧਾਇਕ ਨਵਤੇਜ ਸਿੰਘ ਚੀਮਾ ਵੀ ਸਨ, ਪਰ ਨਵਜੋਤ ਸਿੰਘ ਸਿੱਧੂ ਨੂੰ ਭੇਜੀਵਿਧਾਇਕ ਚੀਮਾਦੀ ਚਿੱਠੀ ਦਾ ਕੋਈ ਅਸਰ ਨਾ ਹੋਇਆ ਅਤੇ ਰਾਣਾ ਗੁਰਜੀਤ ਸਿੰਘ ਮੰਤਰੀ ਬਣ ਗਿਆ ਸੀ।ਇਸ ਦੇ ਬਾਅਦ ਸੁਲਤਾਨ-ਪੁਰ ਹਲਕੇ ਤੋਂ ਦੋਵਾਂ ਵਿਧਾਇਕਾਂ ਵਿਚਾਲੇ ਤਕਰਾਰ ਸ਼ੁਰੂ ਹੋ ਚੁੱਕਾ ਹੈ।
ਬੀਤੇ ਦਿਨੀਂ ਮੰਤਰੀ ਰਾਣਾ ਗੁਰਜੀਤ ਸਿੰਘ ਕਿਹਾ ਸੀ ਕਿ ਉਹ ਉਦੋਂ ਤੱਕ ਸੁਲਤਾਨਪੁਰ ਲੋਧੀ ਹਲਕੇ ਵਿੱਚ ਨਹੀਂ ਜਾਣਗੇ, ਜਦੋਂ ਤੱਕ ਉਨ੍ਹਾਂ ਦਾ ਪੁੱਤਰ ਰਾਣਾ ਇੰਦਰ ਪ੍ਰਤਾਪ ਆਪਣੇ ਦਮ ਉੱਤੇ ਟਿਕਟ ਨਹੀਂ ਲੈ ਆਉਂਦਾ। ਰਾਣਾ ਗੁਰਜੀਤ ਸਿੰਘ ਨੇ ਕਿਹਾ ਸੀ ਕਿ ਪਾਰਟੀ ਤੈਅ ਕਰੇਗੀ ਕਿ ਟਿਕਟ ਕਿਸ ਨੂੰ ਦੇਣੀ ਤੇ ਕਿਸ ਨੂੰ ਨਹੀਂ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਨਵਤੇਜ ਸਿੰਘ ਚੀਮਾ ਕਹਿੰਦੇ ਹਨ ਕਿ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਦੀ ਚਿੰਤਾ ਕਰਨ ਤਾਂ ਉਨ੍ਹਾਂ ਨੇ ਕਿਹਾ ਕਿ ਬੱਚੇ ਅੱਜ-ਕੱਲ੍ਹ ਸਭ ਕੁਝ ਭੁੱਲ ਜਾਂਦੇ ਹਨ, ਪਰ ਕੋਈ ਗੱਲ ਨਹੀਂ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਮੇਰੀ ਸੀਟ ਉੱਤੇ ਆ ਕੇ ਟਿਕਟ ਮੰਗ ਕੇ ਦਿਖਾਵੇ, ਪਰ ਮੈਂ ਫਿਰ ਕਹਾਂਗਾ ਕਿ ਚੀਮਾ ਸਾਹਿਬ ਬਹੁਤ ਤਕੜੇ ਹਨ।

## ਚੋਣ ਮੁਹਿੰਮ ਸ਼ੁਰੂ ਕਰਨ ਆਏ ਸਿੱਧੂ ਮੂਸੇਵਾਲਾ ਦਾ ਮਾਨ ਅਕਾਲੀ ਦਲ ਵੱਲੋਂ ਵਿਰੋਧ



ਮਾਨਸਾ, 12 ਦਸੰਬਰ, (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਮਾਨਸਾ ਤੋਂ ਕਾਂਗਰਸ ਵੱਲੋਂ ਉਮੀਦਵਾਰ ਐਲਾਨੇ ਜਾਣਤੋਂ ਪਹਿਲਾਂ ਹੀ ਪ੍ਰਸਿੱਧ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਅੱਜ ਚੋਣ ਮੁਹਿੰਮ ਸ਼ੁਰੂ ਕਰਨ ਲਈ ਇਸ ਹਲਕੇ ਦੇ ਪਿੰਡ ਅਕਲੀਆ ਜਾ ਪਹੁੰ-ਚੇ। ਜਦੋਂ ਉਹ ਪਿੰਡ ਵਾਸੀਆਂ ਨੂੰ ਸੰਬੋਧਨ ਕਰਨ ਲਈ ਸਟੇਜ ਉੱਤੇ ਚੜ੍ਹੇ ਤਾਂ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਲਵਪ੍ਰੀਤ ਸਿੰਘ ਅਕਲੀਆ ਦੀ ਅਗਵਾਈ ਵਿੱਚ ਪਾਰਟੀ ਵਰਕਰਾਂ ਨੇ ਉਸ ਤੋਂ ਸਵਾਲਾਂ ਦੇ ਜਵਾਬ ਮੰਗਣੇ ਸ਼ੁਰੂ ਕਰ ਦਿੱਤੇ ਅਤੇ ਇਹ ਮਾਮਲਾ ਭਖ ਗਿਆ।
ਇਸ ਮੌਕੇ ਮਾਨ ਅਕਾਲੀ ਦਲ ਦੇ ਲੋਕਾਂ ਨੇ ਸਿੱਧੂ ਮੂਸੇਵਾਲਾ ਦਾ ਸਖਤ ਵਿਰੋਧ ਕਰਦਿਆਂ ਨਾਅਰੇਬਾਜ਼ੀ ਕੀਤੀ ਤਾਂ ਉਨ੍ਹਾਂ ਨੂੰ ਓਥੋਂ ਸਟੇਜ ਵਿਚਾਲੇ ਛੱਡ ਕੇ ਜਾਣਾ ਪਿਆ।ਫਿਰੀ ਵੀ ਮਾਨ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੇ ਪਿੰਡ ਦੀ ਜੂਹ ਵਿੱਚੋਂ ਨਿਕਲਣ ਤਕ ਮੋਟਰਸਾਈਕਲ ਉੱਤੇ ਉਸ ਦਾ ਪਿੱਛਾ ਕੀਤਾ। ਇਸ ਦੌਰਾਨ ਉਨ੍ਹਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਵੀ ਲਾਏ। ਜਾਣਕਾਰ ਸੂਤਰਾਂ ਅਨੁਸਾਰ ਇਸ ਦੌਰਾਨ ਵਿਰੋਧ ਕਰਨ ਵਾਲਿਆਂ5 ਨੌਜਵਾਨਾਂ ਨੂੰ ਪੁਲਸ ਨੇ ਫੜਲਿਆ ਸੀ, ਪਰ ਬਾਅਦ ਵਿੱਚ ਛੱਡ ਦਿੱਤਾ ਗਿਆ। ਮਾਨ ਅਕਾਲੀ ਦਲ ਦੇਜ਼ਿਲਾ ਮਾਨਸਾ ਦੇ ਜਨਰਲ ਸੈਕਟਰੀ ਜਥੇਦਾਰ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੇ ਕਿਹੜਾ ਸਮਾਜ ਦੇ ਭਲੇ ਦਾ ਕੰਮ ਕੀਤਾ ਹੈ, ਉਹ ਲੋਕਾਂ ਨੂੰ ਦੱਸੇ ਕਿ ਕੋਰੋਨਾ ਕਾਲ ਅਤੇ ਕਿਸਾਨੀ ਸੰਘਰਸ਼ ਲਈ ਉਸ ਨੇ ਕੀ ਕੀਤਾ ਹੈ।

# ਵੱਡਾ ਰੇਤ ਮਾਫੀਆ ਚੰਨੀ ਮੇਰੇ ਤੇ ਮਜੀਠੀਆ ਉੱਤੇ ਕੇਸ ਬਣਾਉਣ ਦਾ ਦਬਾਅ ਬਣਾ ਰਿਹੈ: ਸੁਖਬੀਰ



ਪਟਿਆਲਾ, 12 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਉੱਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਮੇਰੇ ਉੱਤੇ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਉੱਤੇ ਕੇਸ ਦਰਜ ਕਰ ਦੇਣ, ਪਰ ਪੁਲਿਸ ਅਫਸਰਇੰਜ ਨਹੀਂ ਕਰਦੇ, ਛੁੱਟੀ ਤੁਰੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਡਰਾਮੇਬਾਜ਼ੀ ਛੱਡੇਅਤੇ ਲੋਕਾਂ ਨੂੰ ਝੂਠੇ ਲਾਰੇ ਲਾਉਣੇ ਬੰਦ ਕਰੇ।ਉਨ੍ਹਾ ਕਿਹਾ ਕਿਪ੍ਰਕਾਸ਼ ਸਿੰਘ ਬਾਦਲ ਨੇ ਜੋ ਵਾਅਦੇ ਪਹਿਲਾਂ ਕੀਤੇ ਸੀ, ਅਕਾਲੀ ਸਰਕਾਰ ਆਉਣ ਉਤੇ ਉਨ੍ਹਾਂ ਨੂੰ ਪੂਰਾ ਕੀਤਾ ਜਾਏਗਾ ਤੇ ਉਹ ਕੰਮ ਵੀ ਕੀਤੇ ਜਾਣਗੇ, ਜਿਨ੍ਹਾਂ ਨੂੰ ਪੰਜਾਬ ਦੀ ਅਜੋਕੀ ਸਰਕਾਰ ਨੇ ਅਣਗੌਲਿਆ ਕਰ ਦਿੱਤਾ ਹੈ।
ਅੱਜ ਪਟਿਆਲਾ ਜ਼ਿਲ੍ਹੇ ਦੇ ਘਨੌਰ ਹਲਕੇਵਿੱਚ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਹਰਿੰ-ਦਰਪਾਲ ਸਿੰਘ ਚੰਦੂਮਾਜਰਾ ਦੇ ਹੱਕ ਵਿੱਚਅਕਾਲੀ-ਬਸਪਾ ਰੈਲੀ ਵਿੱਚ ਪੁੱਜੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਪੰਜਾਬ ਦਾ ਸਭ ਤੋਂ ਵੱਡਾ ਰੇਤ ਮਾਫੀਆ ਹੈ ਤੇ ਕੇਜਰੀਵਾਲ ਸਭ ਤੋਂ ਵੱਡਾ ਝੂਠਾ ਹੈ, ਜਿਸ ਨੇ ਦਿੱਲੀਵਿੱਚ ਔਰਤਾਂ ਨੂੰ ਦਸ ਰੁਪਈਏ ਨਹੀਂ ਦਿੱਤੇ ਤੇ ਪੰਜਾਬ ਵਿੱਚ ਔਰਤਾਂ ਨੂੰ ਇੱਕਇੱਕ ਹਜ਼ਾਰ ਰੁਪਏ ਦੇਣ ਦੀ ਗੱਲ ਕਰਦਾ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਨਾ ਆਮ ਆਦਮੀ ਪਾਰਟੀ ਨੇ, ਨਾ ਭਾਜਪਾ ਅਤੇ ਨਾ ਕਾਂਗਰਸ ਨੇ ਕੁਝ ਵੀ ਕਰਨਾ ਹੈ, ਪੰਜਾਬੀਆਂ ਦੀ ਪਾਰਟੀ ਸਿਰਫ ਅਤੇ ਸਿਰਫ ਅਕਾਲੀ ਦਲ ਹੈ, ਜਿਹੜੀ ਉਨ੍ਹਾਂ ਦਾ ਭਲਾ ਸੋਚ ਸਕਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੇ ਕੇਸਵਿੱਚ ਵੀ ਦਿੱਲੀਵਿੱਚ ਕਿਸਾਨਾਂ ਉੱਤੇ ਪਰਚੇ ਦਰਜ ਕੀਤੇ ਗਏ ਸਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਕ ਮਹੀਨੇ ਵਿੱਚ ਛੱਬੀ ਹਜ਼ਾਰ ਕਰੋੜ ਰੁਪਏ ਦੇ ਐਲਾਨ ਕਰ ਦਿੱਤੇ, ਪਰ ਉਸ ਨੂੰ ਇਹ ਪੁੱਛੋ ਕਿ ਇਹ ਪੂਰੇ ਕੌਣ ਕਰੇਗਾ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਦੀਆਂ ਦੋ ਚੀਜ਼ਾਂ, ਪਹਿਲਾਂਪੜ੍ਹਾਈ ਤੇਹਸਪਤਾਲਾਂ ਵਿੱਚ ਚੰਗੀਆਂ ਸਿਹਤ ਸਹੂਲਤਾਂ ਉਪਰ ਫੋਕਸ ਕੀਤਾ ਹੈ ਅਤੇ ਇਹ ਕਰ ਕੇ ਵਿਖਾਵਾਂਗਾ।

## ਇਮਰਾਨ ਖਾਨ ਕਹਿੰਦੈ: ਭਾਰਤ ਦੀ ਮੌਜੂਦਾ ਸਰਕਾਰ ਦੇ ਨਾਲ ਗੱਲਬਾਤ ਦੀ ਸੰਭਾਵਨਾ ਨਹੀਂ

ਇਸਲਾਮਾਬਾਦ, 12 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਭਾਰਤ ਦੀ ਮੌਜੂਦਾ ਸਰਕਾਰ ਦੇ ਨਾਲ ਗੱਲਬਾਤ ਦੀ ਕੋਈ ਸੰਭਾਵਨਾ ਨਹੀਂ। ਉਨ੍ਹਾਂ ਨੇ ਕਿਹਾ ਕਿ ਇਸਦਾ ਕਾਰਨ ਭਾਰਤ ਦੀ ਮੌਜੂਦਾ ਲੀਡਰਸ਼ਿਪ ਦਾ 'ਧਾਰਮਿਕ ਰਾਸ਼ਟਰਵਾਦ' ਹੈ। ਜਦੋਂ ਤੱਕ ਉਥੇ ਦੀ ਸਰਕਾਰ ਇਸ ਵਿਚਾਰਧਾਰਾ ਤੋਂ ਪ੍ਰੇਰਿਤ ਹੈ, ਸਾਰਥਕ ਗੱਲਬਾਤ ਹੋ ਸਕਣੀ ਕਿਸੇ ਤਰ੍ਹਾਂ ਸੰਭਵ ਹੀ ਨਹੀਂ ਹੈ। ਇਮਰਾਨ ਖਾਨ ਨੇ ਕਿਹਾ, ਮੈਨੂੰ ਆਸ ਹੈ ਕਿ ਕਿਸੇ ਦਿਨ ਭਾਰਤ ਦੀ ਇੱਕ ਤਰਕਸੰਗਤ ਸਰਕਾਰ ਹੋਵੇਗੀ, ਜਿਸ ਨਾਲ ਚਰਚਾ ਰਾਹੀਂ ਵਿਵਾਦਾਂ ਦਾ ਹੱਲ ਲੱਭਿਆ ਜਾ ਸਕੇਗਾ। ਉਨ੍ਹਾ ਇਹ ਵੀ ਕਿਹਾ ਕਿ ਦੋਵੇਂ ਦੇਸ਼ ਦਹਾਕਿਆਂ ਤੋਂ ਇੱਕ-ਦੂਸਰੇ ਨਾਲ ਲੜ ਰਹੇ ਹਨ। ਜਦੋਂ ਕਸ਼ਮੀਰ ਸਮੇਤ ਹੋਰ ਵਿਵਾਦਾਂ ਦਾ ਹੱਲ ਹੋਵੇਗਾ, ਉਦੋ ਦੋਵੇਂ ਦੇਸ਼ ਮਿਲ ਕੇ ਅੱਤਵਾਦ ਅਤੇ ਜਲਵਾਯੂ ਪਰਿਵਰਤਨ ਦੇ ਖ਼ਤਰੇ ਨਾਲ ਸਿੱਝ ਸਕੇਣਗੇ। ਕਸ਼ਮੀਰ ਦਾ ਵਿਵਾਦ ਖੇਤਰ ਦੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵੱਲੋਂ ਸਾਡੇ ਸ਼ਾਂਤੀ ਪ੍ਰਸਤਾਵਾਂ ਨੂੰ ਕਮਜ਼ੋਰੀ ਮੰਨਣ ਤੋਂ ਉਹ ਨਿਰਾਸ਼ ਹਨ।

# ਪ੍ਰਧਾਨ ਮੰਤਰੀ ਮੋਦੀ ਨੇ ਕਿਹਾ: ਬੈਂਕ ਫੇਲ੍ਹ ਹੋਵੇਗਾ ਤਾਂ ਖਾਤੇਦਾਰ ਨੂੰ ਉਸ ਦੇ ਪੈਸੇ ਫਿਰ ਵੀ ਮਿਲਣਗੇ

* ਡਿਪਾਜ਼ਿਟ ਪ੍ਰੋਗਰਾਮ ਨਾਲ 1 ਲੱਖ ਤੋਂ ਵੱਧ ਲੋਕਾਂ ਨੂੰ ਪੈਸੇ ਮਿਲੇ * 90 ਦਿਨਾਂ ਵਿੱਚ ਪੈਸੇ ਦੇਣ ਦੀ ਗਾਰੰਟੀ ਤੈਅ



ਨਵੀਂ ਦਿੱਲੀ, 12 ਦਸੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਐਤਵਾਰ ਨੂੰ ਦਿੱਲੀ ਵਿੱਚ ਬੈਂਕ ਡਿਪਾਜ਼ਿਟ ਇੰਸ਼ੋਰੈਂਸ ਪ੍ਰੋਗਰਾਮਵਿੱਚਬੈਂਕਾਂ ਦੇ ਜਮ੍ਹਾਂ ਕਰਤੇ ਲੋਕਾਂ ਨੂੰ ਸੰਬੋਧਨ ਕੀਤਾਤੇ ਕਿਹਾ ਪਹਿਲਾਂ ਰਿਫੰਡ ਦੀ ਸਮਾਂ ਸੀਮਾ ਨਹੀਂ ਸੀ ਹੁੰਦੀ, ਸਾਡੀ ਸਰਕਾਰ ਨੇ 90 ਦਿਨਾਂ (3 ਮਹੀਨੇ) ਵਿੱਚ ਰਿਫੰਡ ਲਾਜ਼ਮੀ ਕਰ ਦਿੱਤਾ ਹੈ।
ਅੱਜ ਦੇ 'ਡਿਪਾਜ਼ਿਟਰ ਫਸਟ'ਸਮਾਗਮਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿਪਹਿਲਾਂਇੱਕਲੱਖ ਤੋਂ ਵੀ ਵੱਧ ਜਮ੍ਹਾਂਕਰਤਾਵਾਂ ਦੇ ਪੈਸੇ ਕਈ-ਕਈ ਸਾਲਾਂ ਤੋਂ ਫਸੇ ਹਨ। ਇਹ ਰਕਮ 1300 ਕਰੋੜ ਰੁਪਏ ਤੋਂ ਵੱਧ ਸੀ।ਅਸੀਂ ਇਸ ਦਾ ਹੱਲ ਕਰਨਾ ਸ਼ੁਰੂ ਕੀਤਾ ਹੈ। ਉਨ੍ਹਾ ਕਿਹਾ ਕਿ ਸਾਡੇ ਦੇਸ਼ ਵਿੱਚ ਬੈਂਕ ਜਮ੍ਹਾਂਕਰਤਾਵਾਂ ਲਈ ਬੀਮਾ ਨੀਤੀ 60 ਦੇ ਦਹਾਕੇ ਵਿੱਚ ਬਣੀ ਸੀ। ਇਸ ਤੋਂ ਪਹਿਲਾਂ ਬੈਂਕ ਡੁੱਬਣ ਦੀ ਹਾਲਤ ਵਿੱਚ ਜਮ੍ਹਾ ਪੈਸੇ ਵਿੱਚੋਂ ਸਿਰਫ 50 ਹਜ਼ਾਰ ਰੁਪਏ ਤੱਕ ਰਕਮ ਦੀ ਗਾਰੰਟੀ ਸੀ। ਫਿਰ ਇਸ ਨੂੰ ਵਧਾ ਕੇ ਇੱਕਲੱਖ ਰੁਪਏ ਕੀਤਾ ਗਿਆ। ਯਾਨੀ ਜੇ ਕੋਈ ਬੈਂਕ ਡੁੱ-ਬੇਗਾ ਤਾਂ ਉਸ ਦੇ ਜਮ੍ਹਾਕਰਤਾਵਾਂ ਨੂੰ ਸਿਰਫ਼ ਇੱਕਲੱਖ ਰੁਪਏ ਤੱਕ ਮਿਲ ਸਕਦੇ ਸਨ। ਇਹ ਪੈਸਾ ਕਦੋਂ ਮਿਲੇਗਾ, ਇਸ ਦੀ ਸਮਾਂ ਹੱਦ ਨਹੀਂ ਸੀ। ਗਰੀਬਾਂ ਅਤੇ ਮੱਧ ਵਰਗ ਦੀ ਚਿੰਤਾ ਸਮਝ ਕੇ ਅਸੀਂ ਇਹ ਰਕਮ ਵਧਾ ਕੇ 5 ਲੱਖ ਕਰ ਦਿੱਤੀ ਹੈ।
ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਕਾਨੂੰਨੀ ਸੋਧ ਕਰਕੇ ਇਕ ਹੋਰ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਰਿਫੰਡ ਦੇਣ ਦੀ ਕੋਈ ਸਮਾਂ ਹੱਦ ਨਹੀਂ ਸੀ, ਸਾਡੀ ਸਰਕਾਰ ਨੇ 90 ਦਿਨ (3 ਮਹੀਨੇ) ਅੰਦਰ ਰਿਫੰਡ ਕਰਨਾ ਲਾਜ਼ਮੀ ਕਰ ਦਿੱਤਾ ਹੈ।ਬੈਂਕ ਡੁੱਬ ਜਾਵੇ ਤਾਂ ਜਮ੍ਹਾਕਰਤਾਵਾਂ ਨੂੰ 90 ਦਿਨਾਂ ਅੰਦਰ ਉਨ੍ਹਾਂ ਦੇ ਪੈਸੇ ਮਿਲ ਜਾਣਗੇ।ਉਨ੍ਹਾਂ ਕਿਹਾ ਕਿ ਜੇ ਬੈਂਕ ਬਚਾਉਣੇ ਹਨ ਤਾਂ ਜਮ੍ਹਾਂਕਰਤਾਵਾਂ ਨੂੰ ਸੁਰੱਖਿਆ ਦੇਣੀ ਪਵੇਗੀ।

## ਮੈਕਸੀਕੋ ਵਿੱਚ ਮਨੁੱਖੀ ਤਸਕਰੀ ਦੌਰਾਨ ਹਾਦਸਾ, 54 ਪ੍ਰਵਾਸੀਆਂ ਦੀ ਮੌਤ

ਸਿਆਟਲ, 11 ਦਸੰਬਰ (ਪੋਸਟ ਬਿਊਰੋ)- ਕੱਲ੍ਹ ਦੱਖਣੀ ਮੈਕਸੀਕੋ ਵਿੱਚ ਇੱਕ ਹਾਈਵੇ ਉੱਤੇ ਬਣੇ ਪੈਦਲ ਲੰਘਣ ਵਾਲੇ ਲੋਹੇ ਦੇ ਪੁਲ ਨਾਲ ਇੱਕ ਟਰੱਕ ਦੀ ਟੱਕਰ ਕਾਰਨ 54 ਲੋਕਾਂ ਦੀ ਮੌਤ ਹੋ ਗਈ ਤੇ ਤਕਰੀਬਨ 100 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚ ਕਈਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।
ਮਿਲੀ ਜਾਣਕਾਰੀ ਅਨੁਸਾਰ ਮੈਕਸੀਕੋ ਦੇ ਟਕਸਟਲਾ ਗੁਟੇਰੇਜ ਵਿਖੇ ਇਹ ਹਾਦਸਾ ਹੋਇਆ। ਚਿਆਪਾਸ ਰਾਜ ਦੇ ਸਿਵਲ ਡਿਫੈਂਸ ਦਫ਼ਤਰ ਦੇ ਮੁਖੀ ਲੁਈਸ ਮੈਨੁਅਲ ਮੋਰੇਨ ਨੇ ਦੱਸਿਆ ਕਿ ਟਰੱਕ ਵਿੱਚ 200 ਦੇ ਕਰੀਬ ਲੋਕ ਸਨ ਤੇ ਇਹ ਚਾਰੇ ਪਾਸੇ ਤੋਂ ਬੰਦ ਸੀ। ਉਨ੍ਹਾਂ ਕਿਹਾ ਕਿ ਇਹ ਮਨੁੱਖੀ ਤਸਕਰੀ ਦਾ ਕੇਸ ਲੱਗਦਾ ਹੈ ਕਿਉਂਕਿ ਬਚੇ ਲੋਕਾਂ ਨੇ ਪੁਲਸ ਨੂੰ ਦੱਸਿਆ ਕਿ ਉਹ ਮੱਧ ਅਮਰੀਕਾ ਤੋਂ ਆਏ ਹਨ ਅਤੇ ਗੁਆਟੇਮਾਲਾ ਦੀ ਸਰਹੱਦ ਦੇ ਨੇੜੇ ਮੈਕਸੀਕੋ ਵਿੱਚ ਇਹ ਟਰੱਕ ਵਿੱਚ ਸਵਾਰ ਹੋ ਕੇ ਮੈਕਸੀਕੋ ਦੇ ਕੇਂਦਰੀ ਰਾਜ ਪੁਏਬਲਾ ਜਾਣਾ ਸੀ ਤੇ ਅੱਗੋਂ ਉਨ੍ਹਾਂ ਨੂੰ ਅਮਰੀਕਾ ਦੇ ਬਾਰਡਰ ਉੱਤੇ ਲਿਜਾ ਕੇ ਛੱਡਿਆ ਜਾਣਾ ਸੀ। ਇਨ੍ਹਾਂ ਸਾਰੇ ਲੋਕਾਂ ਨੇ ਏਜੰਟਾਂ ਨੂੰ 2500 ਤੋਂ ਲੈ ਕੇ 3500 ਤੱਕ ਯੂ ਐਸ ਡਾਲਰ ਦਿੱਤੇ ਸਨ। ਇਨ੍ਹਾਂ ਵਿੱਚ ਔਰਤਾਂ ਅਤੇ ਮਰਦ ਸਨ। ਮੋਰੇਨ ਨੇ ਕਿਹਾ ਜਦੋਂ ਇਹ ਹਾਦਸਾ ਹੋਇਆ ਤਾਂ ਕਈ ਜ਼ਖ਼ਮੀ ਲੋਕ ਇਧਰ-ਉਧਰ ਵੀ ਭੱਜ ਗਏ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਮੀਗ੍ਰੇਸ਼ਨ ਵਿਭਾਗ ਵਾਲੇ ਉਨ੍ਹਾਂ ਨੂੰ ਫੜ ਨਾ ਲੈਣ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਹ ਟਰੱਕ ਸਾਮਾਨ ਦੀ ਢੋਆ-ਢੋਆਈ ਵਾਲਾ ਤੇ ਪੂਰੀ ਤਰ੍ਹਾਂ ਬੰਦ ਹੁੰਦਾ ਹੈ, ਜਿਸ ਵਿੱਚ ਮਨੁੱਖੀ ਤੱਸਕਰੀ ਕੀਤੀ ਜਾ ਰਹੀ ਸੀ। ਟਰੱਕ ਡਰਾਈਵਰ ਦੀ ਗ਼ਲਤੀ ਕਾਰਨ ਹਾਦਸਾ ਹੋ ਗਿਆ।ਟੱਕਰ ਹੋਣ ਵੇਲੇਇਸ ਦਾ ਪਿਛਲਾ ਦਰਵਾਜ਼ਾ ਖੁੱਲ੍ਹ ਜਾਣ ਕਾਰਨ ਲੋਕ ਬਾਹਰ ਡਿੱਗ ਗਏ। ਟਰੱਕ ਡਰਾਈਵਰ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShereGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਬਰਕਤ ਸਿੰਘ ਨੇ ਕਿਹਾ ਬਈ ਤੇਜ ਰਾਮਾ,
ਆਪਣੇ ਮੁਲਕ ’ਤੇ ਕੀਹਦਾ ਹੈ ਹੱਕ ਬੇਲੀ।
ਬਾਬੇ ਕਹਿੰਦੇ ਸਨ ਮੁਲਕ ਹੈ ਸਰਬ ਸਾਂਝਾ,
ਇਹਦੇ ਵਿੱਚ ਨਹੀਂ ਰਤਾ ਕੁਝ ਸ਼ੱਕ ਬੇਲੀ।
ਕੀਤੀ ਕਿੰਤੂ ਨਹੀ, ਅਸੀਂ ਤਾਂ ਮੰਨਦੇ ਰਹੇ,
ਗੱਲਉਹਬਾਬਿਆਂ ਦੀ ਦੱਸੀ ਸੱਚ ਬੇਲੀ।
ਕਿਹੜੀ ਆਣ ਫਿਰ ਪਈ ਹੈ ਬਿੱਜ ਮਗਰੋਂ,
ਕਿਹੜਾ ਮਾਰ ਗਿਆ ਸਾਂਝਾਂ ਨੂੰ ਟੱਕ ਬੇਲੀ।
ਤੇਜ ਰਾਮ ਫਿਰ ਅੱਗੋਂ ਇਹ ਕਹਿਣ ਲੱਗਾ,
ਕੋਈ ਨਾ ਅਸਾਂ ਦੀ ਸਾਂਝ ਦਾ ਫਰਕ ਬੇਲੀ।
ਪਾਉਂਦੇ ਵੋਟ-ਵਪਾਰੀ ਬਈ ਫਰਕ ਆ ਕੇ,
ਬੇੜਾ ਜਿਨ੍ਹਾਂ ਨੇ ਕੀਤਾ ਪਿਆ ਗਰਕ ਬੇਲੀ।

**ਤੀਸ ਮਾਰ ਖਾਂ**

# ਦਿੱਲੀ ਤੋਂ ਮੁੜੇ ਕਿਸਾਨਾਂ ਦਾ ‘ਫਤਹਿ ਮਾਰਚ’ ਮਾਛੀਵਾੜਾ ਸਾਹਿਬ ਆਣ ਕੇ ਸਮਾਪਤ





ਮਾਛੀਵਾੜਾ ਸਾਹਿਬ, 12 ਦਸੰਬਰ, (ਪੋਸਟ ਬਿਊਰੋ)- ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਭਾਰਤ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰਨ ਅਤੇ ਇਹ ਕਾਨੂੰਨ ਰੱਦ ਕਰਾਉਣ ਮਗਰੋਂ ਦਿੱਲੀ ਦੇ ਸਿੰਘੂ ਬਾਰਡਰ ਤੋਂ ਸ਼ੁਰੂ ਹੋਇਆ ‘ਫਤਹਿ ਮਾਰਚ’ ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਧਰਤੀ ਮਾਛੀਵਾੜਾ ਸਾਹਿਬ ਵਿਖੇ ਆਣ ਕੇ ਸਮਾਪਤ ਹੋਇਆ, ਜਿੱਥੇ ਇਸ ਮਾਰਚ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂਆਂ ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ ਅਤੇ ਹੋਰਨਾਂ ਦਾ ਸਨਮਾਨ ਕੀਤਾ ਗਿਆ।

ਕੱਲ੍ਹ ਜਦੋਂ ਇਹ ‘ਫਤਹਿ ਮਾਰਚ’ ਦੇਰ ਰਾਤ ਕਰੀਬ 10 ਵਜੇ ਮਾਛੀਵਾੜਾ ਸਾਹਿਬ ਵਿਖੇ ਪੁੱਜਾ ਅਤੇ ਥਾਂ-ਥਾਂ ਇਸ ਦਾ ਸਵਾਗਤ ਫੁੱਲਾਂ ਦੀ ਵਰਖਾ, ਪਟਾਕਿਆਂ ਤੇ ਢੋਲ ਦੀ ਥਾਪ ਉੱਤੇ ਭੰਗੜੇ ਪਾ ਕੇ ਕੀਤਾ ਗਿਆ। ਮਾਛੀਵਾੜਾ ਵਿੱਚ ਦਾਖਲ ਹੁੰਦੇ ਸਾਰ ਗਨੀ ਖਾਂ ਨਬੀ ਖਾਂ ਗੇਟ ਵਿਖੇ ਮਾਰਚ ਦੇਆਗੂਆਂ ਨੂੰ ਸਿਰੋਪੇ ਭੇਟ ਕਰ ਕੇ ਸਨਮਾਨਤ ਕੀਤਾ ਗਿਆ। ਦੇਰ ਰਾਤ ਕਰੀਬ 11 ਵਜੇ ਇਹ ਮਾਰਚ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪੁੱਜਾ, ਜਿੱਥੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਹਰਪਾਲ ਸਿੰਘ ਨੇ ਕਿਸਾਨ ਆਗੂਆਂ ਨੂੰ ਸਿਰੋਪਾ ਭੇਟ ਕੀਤੇ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਵਿੱਚ ਬੇਸ਼ੱਕ ਸਾਨੂੰ ਕਾਫ਼ੀ ਔਕੜਾਂ ਦਾ ਸਾਹ-ਮਣਾ ਕਰਨਾ ਪਿਆ, ਪਰ ਜਿੱਤ ਸੱਚ ਦੀ ਹੋਈ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਤੋਂ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਅਤੇ ਸਿਆਸਤ ਵਿੱਚ ਆਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾਕਿ ਸਭ ਤੋਂ ਪਹਿਲਾਂ ਸਾਰੇ ਕਿਸਾਨ ਆਗੂਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣਗੇ ਤੇ ਉਸ ਤੋਂ ਬਾਅਦ ਮੀਟਿੰਗਵਿੱਚ ਇਸ ਦਾ ਫੈਸਲਾ ਲਿਆ ਜਾਵੇਗਾ, ਉਹ ਸਿਆਸਤਬਾਰੇ ਹਾਲੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਕਿਹਾ ਕਿ ਸਾਡੇ ਅੰਦੋਲਨ ਦਾ ਧੁਰਾ ਤੇ ਅਧਾਰਪੰਜਾਬ ਸੀ ਅਤੇ ਸਭ ਤੋਂ ਵੱਧ ਸ਼ਹਾਦਤਾਂ ਵੀ ਪੰਜਾਬੀਆਂ ਦੀਆਂ ਹੋਈਆਂ ਹਨ, ਬਾਅਦ ਵਿੱਚ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਸਾਰੇ ਦੇਸ਼ ਦੇ ਕਿਸਾਨ ਅੰਦੋਲਨ ਨਾਲ ਜੁੜਦੇ ਗਏ।

## ਬਿਕਰਮ ਸਿੰਘ ਮਜੀਠੀਆ ਦੇ ਘਰ ਦੀ ਖਾਲਿਸਤਾਨੀ ਵੱਲੋਂ ਰੇਕੀ ਕਰਨ ਦੀ ਚਰਚਾ



ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅੱਜਕੱਲ੍ਹ ਖਾਲਿਸਤਾਨੀਆਂ ਦੇ ਨਿਸ਼ਾਨੇ ਉੱਤੇਦੱਸੇ ਜਾਂਦੇ ਹਨ। ਭਿੰਡਰਾਂਵਾਲਾ ਖ਼ਾਲਿਸਤਾਨ ਟਾਈਗਰ ਫੋਰਸ ਦੇ ਕਹਿਣ ਉੱਤੇਉਨ੍ਹਾਂ ਦੇ ਅੰਮ੍ਰਿਤਸਰ ਵਾਲੇ ਘਰ ਦੀ ਰੇਕੀ ਵੀ ਕੀਤੀ ਜਾਣ ਦੀ ਗੱਲ ਸੁਣੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਪੁਲਸ ਦੇ ਖ਼ੁਫ਼ੀਆ ਵਿੰਗ ਦੀ ਸੂਚਨਾ ਉੱਤੇ ਇੰਟੈਲੀਜੈਂਸ ਵਿੰਗ ਨੇ ਇਸ ਗੰਭੀਰ ਮਾਮਲੇ ਉੱਤੇ ਨਜ਼ਰ ਰੱਖੀ ਹੋਈ ਹੈ ਅਤੇ ਇਸ ਬਾਰੇ ਇੰਟੈਲੀਜੈਂਸ ਵਿੰਗ ਅਤੇ ਸਕਿਓਰਟੀ ਵਿੰਗ ਦੀ ਆਪਸ ਵਿੱਚ ਪੱਤਰਾਂ ਰਾਹੀਂ ਗੱਲਬਾਤ ਜਾਰੀ ਹੋਣ ਦੇ ਇਲਾਵਾ ਪੰਜਾਬ ਪੁਲਸ ਦੇ ਮੁਖੀ ਅਤੇ ਰਾਜ ਦੇ ਗ੍ਰਹਿ ਮੰਤਰੀ ਨੂੰ ਵੀ ਰਿਪੋਰਟ ਭੇਜੀ ਜਾ ਚੁੱਕੀ ਹੈ। ਦੂਸਰੇ ਪਾਸੇ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਹੈ ਕਿ ਇਸ ਰਿਪੋਰਟ ਨੂੰ ਗ੍ਰਹਿ ਮੰਤਰੀ ਨੇ ਦਬਾ ਕੇ ਰੱਖਿਆ ਹੈ ਤਾਂ ਕਿ ਉਨ੍ਹਾਂ ਦਾ ਜੋ ਨੁਕਸਾਨ ਹੋਣਾ ਹੈ, ਹੋਣ ਦਿੱਤਾ ਜਾਵੇ। ਇਸ ਸਾਰੀ ਖੇਡ ਦਾਭੇਦ ਉਦੋਂ ਖੁੱਲ੍ਹਾ, ਜਦੋਂ ਪੰਜਾਬ ਪੁਲਸ ਨੇ ਬੀ ਟੀ ਐਫ ਕੇ (ਭਿੰਡਰਾਂਵਾਲਾ ਟਾਈਗਰਜ਼ ਫੋਰਸ ਆਫ ਖਾਲਿਸਤਾਨ) ਨਾਲ ਜੁੜੇ ਹੋਏ ਕੁਝ ਲੋਕਾਂ ਨੂੰ ਅਕਤੂਬਰ ਵਿੱਚ ਤਰਨ-ਤਾਰਨ ਵਿੱਚ ਗ੍ਰਿਫ਼ਤਾਰ ਕੀਤਾ ਸੀ। ਫੜੇ ਗਏ ਇਨ੍ਹਾਂ ਦੋਸ਼ੀਆਂ ਤੋਂ ਟਿਫ਼ਨ ਬੰਬ ਤੇ ਗ੍ਰੇਨੇਡ ਵੀ ਮਿਲੇ ਸਨ। ਦੱਸਿਆ ਗਿਆ ਹੈ ਕਿ ਇਹ ਸਰਗਰਮੀ ਏਨੀ ਗੰਭੀਰਤਾ ਕੀਤੀ ਜਾ ਰਹੀ ਸੀ ਕਿ ਮਜੀਠੀਆ ਦੀਆਂ ਸਰਗਰਮੀਆਂ ਅਤੇ ਆਉਣ ਜਾਣ ਦਾ ਸਮਾਂ ਪਤਾ ਲਾਉਣ ਲਈ ਦੋਸ਼ੀਆਂ ਵਿੱਚੋਂ ਦੋ ਨੇ ਮਜੀਠੀਆ ਦੇ ਪੀ ਏ ਨਾਲ ਵੀ ਮੁਲਾਕਾਤ ਕੀਤੀ ਤੇ ਮਜੀਠੀਆ ਨਾਲ ਮੁਲਾਕਾਤ ਕਰਾਉਣ ਨੂੰ ਕਿਹਾ ਸੀ, ਪਰ ਇਸੇ ਦੌਰਾਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਆਂਧਰਾ, ਮਹਾਰਾਸ਼ਟਰ, ਚੰਡੀਗੜ੍ਹ ਤੇ ਕਰਨਾਟਕ ਵਿੱਚ ਨਵੇਂ ਓਮੀਕ੍ਰੋਨ ਕੇਸ ਮਿਲਣ ਨਾਲ ਹਲਚਲ

* ਭਾਰਤ ਵਿੱਚ ਕੁੱਲ ਕੇਸਾਂ ਦੀ ਗਿਣਤੀ 38 ਹੋ ਗਈ * ਓਮੀਕ੍ਰੋਨ 63 ਦੇਸ਼ਾਂ ਵਿੱਚ ਫੈਲਿਆ, ਡੈਲਟਾ ਤੋਂ ਅੱਗੇ ਲੰਘ ਸਕਦੈ



ਨਵੀਂ ਦਿੱਲੀ, 12 ਦਸੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸਦਾ ਨਵਾਂ ਵੇਰੀਐਂਟ ਓਮੀਕ੍ਰੋਨ ਅੱਜ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਤੇ ਛੇ ਹੋਰ ਰਾਜਾਂ ਤਕ ਪਹੁੰਚ ਗਿਆ।ਅੱਜ ਐਤਵਾਰ ਆਂਧਰਾ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇਸ ਨਵੇਂ ਵੇਰੀਐਂਟ ਦਾ ਪਹਿਲਾ ਕੇਸਮਿਲਿਆ। ਮਹਾਰਾਸ਼ਟਰ ਤੇ ਕਰਨਾਟਕ ਵਿੱਚ ਵੀ ਇਕ-ਇਕ ਹੋਰ ਕੇਸ ਮਿਲਣ ਨਾਲ ਇਨ੍ਹਾਂ ਨੂੰ ਮਿਲਾ ਕੇ ਭਾਰਤ ਵਿੱਚਅੱਜ ਤਕ ਓਮੀਕ੍ਰੋਨ ਵੇਰੀਐਂਟ ਦੇ ਕੁੱਲ 38 ਕੇਸਮਿਲ ਚੁੱਕੇ ਹਨ।

ਭਾਰਤ ਦੇ ਸਿਹਤ ਵਿਭਾਗ ਦੇ ਮੁਤਾਬਕ ਇਟਲੀ ਤੋਂ 22 ਨਵੰਬਰ ਨੂੰ ਚੰਡੀਗੜ੍ਹ ਪੁੱਜਾ ਇੱਕ 20 ਸਾਲਾ ਨੌਜਵਾਨ ਓਮੀਕ੍ਰੋਨ ਤੋਂ ਪੀੜਤ ਨਿਕਲਿਆ ਹੈ। ਇਟਲੀ ਵਿੱਚ ਉਸ ਨੇ ਫਾਈਜ਼ਰ ਵੈਕਸੀਨ ਦੀਆਂ ਦੋਵੇਂ ਡੋਜ਼ ਲਵਾਈਆਂ ਸਨ।ਇਸ ਤੋਂ ਇਲਾਵਾ ਆਇਰਲੈਂਡ ਤੋਂ ਮੁੰਬਈ ਹੁੰਦੇ ਹੋਏ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਪੁੱਜਾ 34 ਸਾਲਾ ਵਿਦੇਸ਼ੀ ਯਾਤਰੀ ਵੀ ਨਵੇਂ ਵੇਰੀਐਂਟ ਤੋਂ ਇਨਫੈਕਟਿਡ ਨਿਕਲਿਆ ਅਤੇ ਕਰਨਾਟਕ ਵਿੱਚ ਅਫਰੀਕੀ ਦੇਸ਼ ਤੋਂ ਆਏ ਵਿਅਕਤੀ ਵਿੱਚ ਓਮੀਕ੍ਰੋਨ ਵੇਰੀਐਂਟ ਮਿਲਿਆ ਹੈ।ਇਸ ਰਾਜ ਵਿੱਚ ਓਮੀਕ੍ਰੋਨ ਦਾ ਇਹ ਤੀਸਰਾ ਕੇਸ ਹੈ।ਮਹਾਰਾਸ਼ਟਰ ਦੇ ਨਾਗਪੁਰ ਵਿੱਚ ਪੱਛਮੀ ਅਫਰੀਕੀ ਦੇਸ਼ ਤੋਂ ਪੁੱਜਾ ਇਕ ਵਿਅਕਤੀ ਓਮੀਕ੍ਰੋਨ ਦਾ ਕੇਸ ਨਿਕਲਿਆ ਹੈ। ਇਸਰਾਜ ਵਿੱਚ ਓਮੀਕ੍ਰੋਨ ਦਾ ਇਹ 18ਵਾਂ ਕੇਸ ਹੈ। ਇਨ੍ਹਾਂ ਸਾਰੇ ਮਰੀਜ਼ਾਂ ਨਾਲ ਉਨ੍ਹਾਂ ਦੇ ਸੰਪਰਕ ਵਿੱਚ ਆਏ ਲੋਕਾਂ ਨੂੰ ਵੀ ਕੁਆਰੰਟਾਈਨ ਕਰ ਕੇ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ।ਇਨ੍ਹਾਂ ਸਾਰਿਆਂ ਵਿੱਚ ਇਸ ਦੇ ਹਲਕੇ ਲੱਛਣ ਮਿਲੇ ਹਨ।

ਇਸ ਵਕਤ ਤੱਕ ਭਾਰਤ ਦੇ ਮਹਾਰਾਸ਼ਟਰ ਵਿੱਚ ਓਮੀਕ੍ਰੋਨ 18 ਕੇਸ, ਰਾਜਸਥਾਨ 9, ਕਰਨਾਟਕ 3, ਗੁਜਰਾਤ 3, ਦਿੱਲੀ 2, ਆਂਧਰਾ ਪ੍ਰਦੇਸ਼ 1 ਅਤੇ ਚੰਡੀਗੜ੍ਹ ਵਿੱਚ ਇੱਕ ਕੇਸ ਮਿਲਿਆ ਹੈ।

ਦੂਸਰੇ ਪਾਸੇ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਨੇ ਅੱਜ ਜਨੇਵਾ ਵਿੱਚ ਕਿਹਾ ਕਿ ਕੋਰੋਨਾ ਵਾਇਰਸ ਦਾ ਓਮੀਕ੍ਰੋਨ ਵੇਰੀਐਂਟ 63 ਦੇਸ਼ਾਂ ਵਿੱਚ ਫੈਲ ਗਿਆ ਤੇ ਮੁੱਢਲੇ ਰੁਖ ਮੁਤਾਬਕ ਇਹ ਸੰਸਾਰ ਵਿੱਚ ਡੈਲਟਾ ਵੇਰੀਐਂਟ ਤੋਂ ਅਗੇ ਨਿਕਲ ਸਕਦਾ ਹੈ। ਡਬਲਯੂ ਐੱਚ ਓ ਵੱਲੋਂ ਦਿੱਤੇ ਵੇਰਵੇ ਮੁਤਾਬਕ ਅੱਜਤੱਕ 63 ਦੇਸ਼ਾਂ ਵਿੱਚ ਓਮੀਕ੍ਰੋਨ ਕੇਸਮਿਲੇ ਹਨ।ਉਨ੍ਹਾਂ ਕਿਹਾ ਕਿ ਇਹ ਅਜੇ ਤੱਕ ਪਤਾ ਨਹੀਂ ਲੱਗਾ ਕਿ ਨਵਾਂ ਵੇਰੀਐਂਟ ਇੰਨ ਤੇਜ਼ ਕਿਉਂ ਫੈਲ ਰਿਹਾ ਹੈ। ਦਸਤਾਵੇਜ਼ਾਂਅਤੇ ਅਜੇ ਤੱਕਦੇ ਅੰਕੜਿਆਂ ਮੁਤਾਬਕ ਕਮਿਊਨਿਟੀ ਟ੍ਰਾਂਸਫਰ ਪੱਖ ਤੋਂ ਓਮੀਕ੍ਰੋਨ ਦੇ ਡੈਲਟਾ ਵੇਰੀਐਂਟ ਤੋਂ ਅੱਗੇ ਨਿਕਲਣ ਦੇ ਆਸਾਰ ਹਨ। ਇਹ ਕੋਵਿਡ ਦੇ ਟੀਕੇ ਦਾ ਅਸਰ ਵੀ ਘੱਟ ਕਰ ਸਕਦਾ ਹੈ।

## ਆਮ ਆਦਮੀ ਪਾਰਟੀ ਵਿੱਚੋਂ ਨਿਕਲਿਆ ਸਾਬਕਾ ਵਿਧਾਇਕ ਬਲਦੇਵ ਸਿੰਘ ਕਾਂਗਰਸ ਵਿੱਚ ਸ਼ਾਮਿਲ



ਫ਼ਰੀਦਕੋਟ, 12 ਦਸੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚੋਂ ਸੁਖਪਾਲ ਸਿੰਘ ਖਹਿਰਾ ਦੇ ਨਾਲ ਪਾਰਟੀ ਛੱਡ ਗਏ ਅਤੇ ਫਿਰ ਵਿਧਾਨ ਸਭਾ ਤੋਂ ਅਯੋਗ ਕਰਾਰ ਦਿੱਤੇ ਗਏ ਸਾਬਕਾ ਵਿਧਾਇਕ ਬਦਲਦੇਵ ਸਿੰਘ ਜੈਤੋ ਉਸ ਪਾਰਟੀ ਤੋਂ ਅਸਤੀਫੇ ਦਾ ਐਲਾਨ ਕਰਨ ਦੇ 24 ਘੰਟੇ ਅੰਦਰ ਕੱਲ੍ਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।

ਕੱਲ੍ਹ ਬਠਿੰਡਾ ਵਿੱਚ ਬਲਦੇਵ ਸਿੰਘ ਜੈਤੋ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਮੌਜੂਦਗੀ ਵਿੱਚ ਕਾਂਗਰਸ ਦਾ ਹੱਥ ਫੜ ਲਿਆ। ਇਸ ਤੋਂ ਇੱਕ ਦਿਨ ਪਹਿਲਾਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਨੂੰ ਅਸਤੀਫਾ ਵੀ ਭੇਜ ਦਿੱਤਾ ਸੀ। ਇਸ ਤੋਂ ਪਹਿਲਾਂ ਲੋਕਸਭਾ ਚੋਣਾਂਤੋਂ ਠੀਕ ਪਹਿਲਾਂ 16 ਜਨਵਰੀ 2019 ਨੂੰ ਮਾਸਟਰ ਬਲਦੇਵ ਸਿੰਘ ਨੇ ਆਮ ਆਦਮੀ ਪਾਰਟੀ ਛੱਡੀ ਅਤੇ ਸੁਖਪਾਲ ਸਿੰਘ ਖਹਿਰਾ ਗੁੱਟ ਨਾਲ ਮਿਲ ਕੇ ਪੰਜਾਬ ਏਕਤਾ ਪਾਰਟੀ ਦੀ ਟਿਕਟ ਉੱਤੇ ਫ਼ਰੀਦਕੋਟ ਲੋਕ ਸਭਾ ਸੀਟ ਤੋਂ ਚੋਣ ਲੜੀ ਅਤੇ ਹਾਰ ਗਏ ਸਨ। ਇਸ ਦੇ ਬਾਅਦ ਉਨ੍ਹਾਂ ਦਾ ਰੁਝਾਨ ਫਿਰ ਆਮ ਆਦਮੀ ਪਾਰਟੀ ਵੱਲ ਹੋਇਆ ਅਤੇ 16 ਅਕਤੂਬਰ 2019 ਨੂੰ ਉਹ ਭਗਵੰਤ ਮਾਨ ਦੇ ਅਗਵਾਈ ਹੇਠ ਵਿੱਚ ਆਮ ਆਦਮੀ ਪਾਰਟੀ ਵਿੱਚ ਵਾਪਸ ਆ ਗਏ ਸਨ। ਮਾਸਟਰ ਬਲਦੇਵ ਸਿੰਘ ਮੋਗਾ ਦੇ ਪਿੰਡ ਤਖਾਣਵਧ ਦੇ ਵਸਨੀਕ ਅਤੇ ਇੱਕ ਮਜ਼ਦੂਰ ਦੇ ਬੇਟੇ ਹਨ। ਉਹ ਸਾਲ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਫ਼ਰੀਦਕੋਟ ਪਾਰਲੀਮੈਂਟ ਸੀਟ ਤੋਂ ਆਮ ਆਦਮੀ ਪਾਰਟੀ ਦੀ ਟਿਕਟ ਦੇ ਦਾਵੇਦ-ਾਰ ਸਨ ਅਤੇ ਇਸ ਦੇ ਲਈ ਉਨ੍ਹਾਂ ਨੇ ਸਰਕਾਰੀ ਟੀਚਰ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਰਾਜਨੀਤੀ ਸ਼ੁਰੂ ਕੀਤੀ ਸੀ। ਸਾਲ 2017 ਦੇ ਵਿਧਾਨ ਸਭਾ ਚੋਣ ਵਿੱਚ ਉਨ੍ਹਾਂ ਨੂੰ ਜੈਤੋ ਤੋਂ ਇਸ ਪਾਰਟੀ ਨੇ ਟਿਕਟ ਦਿੱਤਾ ਤਾਂ ਜਿੱਤ ਗਏ ਸਨ।

## ਬੇਅਦਬੀ ਕੇਸ ਵਿੱਚ ਐਸ ਆਈ ਟੀ ਵੱਲੋਂ ਡੇਰਾ ਸੱਚਾ ਸੌਦਾ ਦੇ ਉਪ-ਚੇਅਰਮੈਨ ਤੋਂ ਪੁੱਛਗਿੱਛ

ਸਿਰਸਾ, 12 ਦਸੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਇਸ ਹਫ਼ਤੇ ਵਿੱਚ ਕੱਲ੍ਹ ਦੂਸਰੀ ਵਾਰ ਡੇਰਾ ਸਿਰਸਾ ਪੁੱਜੀ ਅਤੇ ਇਸ ਦੌਰਾਨ ਇਸ ਟੀਮ ਨੇ ਡੇਰਾ ਪ੍ਰਬੰਧਕ ਕਮੇਟੀ ਦੇ ਉਪ-ਚੇਅਰਮੈਨ ਡਾਕਟਰ ਪੀ ਆਰ ਨੈਨ ਤੋਂ ਸਾਢੇ ਚਾਰ ਘੰਟੇ ਤੱਕ ਪੁੱਛ-ਪੜਤਾਲ ਕੀਤੀ, ਪਰ ਡੇਰੇ ਦੀ ਚੇਅਰਮੈਨ ਵਿਪਾਸਨਾ ਇੰਸਾਂ ਇਸ ਵਾਰ ਵੀ ਟੀਮ ਅੱਗੇ ਪੇਸ਼ ਨਹੀਂ ਹੋਈ। ਦੱਸਿਆ ਗਿਆ ਹੈ ਕਿ ਜਾਂਚ ਟੀਮ (ਐੱਸ ਆਈ ਟੀ) ਨੇ ਡੇਰੇ ਦੇ ਉਪ-ਚੇਅਰਮੈਨ ਡਾਕਟਰ ਆਰ ਨੈਨ ਕੋਲੋਂਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਕਈ ਸਵਾਲ ਪੁੱਛੇ। ਟੀਮ ਨੇ ਇਸ ਕੇਸ ਵਿੱਚ ਭਗੌੜਾ ਐਲਾਨੇ ਸੰਦੀਪ ਬਰੇਟਾ, ਪ੍ਰਦੀਪ ਕਲੇਰ ਤੇ ਹਰਸ਼ ਧੂਰੀ ਬਾਰੇ ਵੀ ਪੁੱਛ-ਗਿੱਛ ਕੀਤੀ। ਇਸ ਦੌਰਾਨ ਡੇਰੇ ਦੇ ਵਕੀਲ ਮੌਜੂਦ ਰਹੇ। ਇਸ ਤੋਂ ਪਹਿਲਾਂ ਸਿਰਸਾ ਪੁਲਸ ਕੋਲ ਆਮਦ ਦਰਜ ਕਰਵਾ ਕੇ ਪੰਜਾਬ ਪੁਲਸ ਦੀ ਐਸ ਆਈ ਟੀ ਸਿਰਸਾ ਦੇ ਐਸ ਪੀ ਡਾ. ਅਰਪਿਤ ਜੈਨ ਨਾਲ ਡੇਰੇ ਪਹੁੰਚੀ ਸੀ। ਵਰਨਣ ਯੋਗ ਹੈ ਕਿ 6 ਦਸੰਬਰ ਨੂੰ ਵੀ ਟੀਮ ਇਸ ਡੇਰੇ ਪਹੁੰਚੀ ਸੀ, ਪਰ ਓਦੋਂ ਉਸ ਨੂੰ ਪੀ ਆਰ ਨੈਨ ਦਾ ਮੈਡੀਕਲ ਪੇਸ਼ ਕੀਤਾ ਗਿਆ ਸੀ। ਜਿਵੇਂ-ਜਿਵੇਂ ਡੇਰੇ ਉੱਤੇ ਐਸ ਆਈ ਟੀ ਆਪਣਾ ਸ਼ਿਕੰਜਾ ਕੱਸ ਰਹੀ ਹੈ, ਡੇਰੇ ਵਿੱਚ ਹਲਚਲ ਵੱਧ ਰਹੀ ਹੈ ਅਤੇ ਡੇਰਾ ਪ੍ਰੇਮੀਆਂ ਵੱਲੋਂ ਵੱਡੇ ਇਕੱਠੇ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਡੇਰੇ ਦੇ ਵਕੀਲ ਕੇਵਲ ਸਿੰਘ ਬਰਾੜ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਨੂੰ ਰੱਦ ਕਰ ਚੁੱਕੇ ਹਨ।

## 104 ਹਿੰਦੂ ਅਤੇ ਸਿੱਖ ਅਤੇ ਧਾਰਮਿਕ ਗ੍ਰੰਥ ਕਾਬੁਲ ਤੋਂ ਭਾਰਤ ਲਿਆਂਦੇ ਗਏ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਹਿੰਦੂਆਂ ਅਤੇ ਸਿੱਖਾਂ ਦਾ 104 ਲੋਕਾਂ ਦਾ ਇੱਕ ਜੱਥਾ ਅਫ਼ਗਾਨਿਸਤਾਨ ਤੋਂ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਕੱਲ੍ਹ ਨਵੀਂ ਦਿੱਲੀ ਪੁੱਜਾ ਹੈ। ਭਾਰਤ ਸਰਕਾਰ ਇਨ੍ਹਾਂ ਲੋਕਾਂ ਨੂੰ ਲਿਆਉਣ ਲਈ ਲੰਬੇ ਸਮੇਂ ਤੋਂ ਕੋਸ਼ਿਸ਼ਾਂ ਕਰ ਰਹੀ ਸੀ। ਇਸ ਜੱਥੇ ਵਿੱਚ 10 ਭਾਰਤੀ ਅਤੇ ਬਾਕੀ ਅਫ਼ਗਾਨੀ ਨਾਗਰਿਕ ਹਨ। ਇੱਕ ਖ਼ਾਸ ਗੱਲ ਇਹ ਕਿ ਓਥੋਂ ਦੇ ਗੁਰਦੁਆਰਿਆਂ ਅਤੇ ਕਾਬੁਲ ਦੇ ਪ੍ਰਾਚੀਨ ਮੰਦਰਾਂ ਵਿੱਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਾਭਾਰਤ, ਰਾਮਾਇਣ, ਗੀਤਾ ਅਤੇ ਦੂਸਰੇ ਹਿੰਦੂ ਗ੍ਰੰਥਾਂ ਨੂੰ ਵੀ ਸੁਰੱਖਿਅਤ ਭਾਰਤ ਲਿਆਂਦਾ ਗਿਆ ਹੈ। ਇਸ ਵਿਸ਼ੇਸ਼ ਜਹਾਜ਼ ਦੀ ਅਗਵਾਈ ਲਈ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਉੱਤੇ ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਅਤੇ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਅਗੇਤੇ ਹੀ ਪਹੁੰਚੇ ਹੋਏ ਸਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਦੱਸਿਆ ਕਿ ਆਪ੍ਰੇਸ਼ਨ ਦੇਵੀਸ਼ਕਤੀ ਹੇਠ ਭਾਰਤ ਸਰਕਾਰ ਨੇ ਕਾਬੁਲ ਤੋਂ ਨਵੀਂ ਦਿੱਲੀ ਦੀ ਇੱਕ ਵਿਸ਼ੇਸ਼ ਉਡਾਣ ਚਲਾਈ ਸੀ। ਇਸ ਵਿੱਚ 10 ਭਾਰਤੀ ਤੇ 94 ਅਫ਼ਗਾਨੀ ਨਾਗਰਿਕਾਂ ਨੂੰ ਭਾਰਤ ਲਿਆਂਦਾ ਗਿਆ ਹੈ। ਇਨ੍ਹਾਂ ਵਿੱਚ ਅਫ਼ਗਾਨਿਸਤਾਨ ਦੇ ਹਿੰਦੂ-ਸਿੱਖ ਘੱਟ ਗਿਣਤੀ ਭਾਈਚਾਰੇ ਦੇ ਲੋਕ ਹਨ, ਜਿਨ੍ਹਾਂ ਵਿੱਚ 12 ਬੱਚੇ ਵੀ ਹਨ। ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਕਾਬੁਲ ਵਿਚਲੇ ਪੰਜਵੀਂ ਸਦੀ ਦੇ ਅਸਮਾਈ ਮੰਦਰ ਤੋਂ ਹਿੰਦੂ ਧਾਰਮਿਕ ਗ੍ਰੰਥਾਂ ਨੂੰ ਭਾਰਤ ਲਿਆਉਣ ਦੀ ਵਿਵਸਥਾ ਕੀਤੀ ਗਈ ਸੀ। ਕੁਝ ਦਿਨ ਪਹਿਲਾਂ ਤਾਲਿਬਾਨ ਸਰਕਾਰ ਦੇ ਪ੍ਰਤੀਨਿਧਾਂ ਨੇ ਇਸ ਮੰਦਰ ਦਾ ਦੌਰਾ ਕੀਤਾ ਅਤੇ ਤਾਲਿਬਾਨ ਪੁਲਸ ਦੇ ਇੱਕ ਦਲ ਨੇ ਕੁਝ ਦਿਨ ਪਹਿਲਾਂ ਇਸ ਮੰਦਰ ਦੀ ਛਾਣਬੀਣ ਕੀਤੀ ਸੀ। ਇਸ ਨਾਲ ਜਿਹੜੇ ਹਿੰਦੂ ਉਥੇ ਰਹਿ ਰਹੇ ਸਨ, ਉਨ੍ਹਾਂ ਵਿੱਚ ਡਰ ਪਾਇਆ ਜਾ ਰਿਹਾ ਸੀ।ਇਹ ਪੁੱਛੇ ਜਾਣ ਉੱਤੇ ਕਿ ਅਫ਼ਗਾਨਿਸਤਾਨ ਵਿੱਚ ਹੋਰ ਕਿੰਨੇ ਹਿੰਦੂ ਜਾਂ ਸਿੱਖ ਹਨ, ਤਾਂ ਅਧਿਕਾਰੀਆਂ ਨੇ ਦੱਸਿਆ ਕਿ ਇਸ ਦਾ ਕੋਈ ਸਹੀ ਮੁਲੰਕਣ ਨਹੀਂ ਹੋ ਸਕਿਆ ਕਿਉਂਕਿ ਉਥੇ ਭਾਰਤੀ ਦੂਤਘਰ ਵਿੱਚ ਇਸ ਵੇਲੇ ਕੋਈ ਭਾਰਤੀ ਅਧਿਕਾਰੀ ਨਹੀਂ ਹੈ। ਜਿਨ੍ਹਾਂ ਸਥਾਨਕ ਨਾਗਰਿਕਾਂ ਦੇ ਜ਼ਿੰਮੇ ਭਾਰਤੀ ਦੂਤਘਰ ਤੇ ਵਪਾਰ ਦੂਤਘਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਨਾਲ ਵੀ ਸੰਪਰਕ ਨਹੀਂ ਹੋ ਰਿਹਾ। ਇਹ ਕਿਹਾ ਜਾ ਸਕਦਾ ਹੈ ਕਿ ਉਥੇ ਬਹੁਤ ਘੱਟ ਗਿਣਤੀ ਵਿੱਚ ਹਿੰਦੂ ਜਾਂ ਸਿੱਖ ਬਚੇ ਹੋਣਗੇ।

## ਅਦਾਲਤ ਵੱਲੋਂ ਸਿਮਰਜੀਤ ਸਿੰਘ ਬੈਂਸ ਤੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ 23 ਤੱਕ ਪੇਸ਼ ਕਰਨ ਦੇ ਹੁਕਮ



ਲੁਧਿਆਣਾ, 12 ਦਸੰਬਰ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਨੇ ਬੈਂਸ ਬਲਾਤਕਾਰ ਕੇਸ ਦੀ ਸੁਣਵਾਈ ਮੌਕੇ ਕੱਲ੍ਹ ਇਸ ਸ਼ਹਿਰ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ 23 ਦਸੰਬਰ ਤੱਕ ਅਦਾਲਤ ਸਾਹਮਣੇ ਪੇਸ਼ ਕਰਨ ਲਈ ਪੁਲਸ ਨੂੰ ਹੁਕਮ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ 7 ਜੁਲਾਈ ਨੂੰ ਲੋਕ ਇਨਸਾਫ਼ ਪਾਰਟੀ ਦੇ ਮੁੱਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਉਸ ਦੇ ਛੇ ਹੋਰ ਸਾਥੀਆਂ ਦੇ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ ਛੇ ਦੀ ਪੁਲਸ ਨੇ ਬਲਾਤਕਾਰ ਦਾ ਕੇਸ ਦਰਜ ਹੋਇਆ ਸੀ। ਅਦਾਲਤ ਨੇ ਪਹਿਲਾਂ ਜ਼ਮਾਨਤੀ ਤੇ ਫਿਰ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਕੇ 10 ਦਸੰਬਰ ਤੱਕ ਪੁਲਸ ਕਮਿਸ਼ਨਰ ਨੂੰ ਇਨ੍ਹਾਂ ਲੋਕਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ, ਪਰ ਕੱਲ੍ਹ ਅਦਾਲਤ ਵਿੱਚ ਸਰਕਾਰੀ ਪੱਖ ਦੇ ਵਕੀਲ ਨੇ ਦੱਸਿਆ ਕਿ ਵਾਰੰਟਾਂ ਦੀ ਤਾਮੀਲ ਨਹੀਂ ਕੀਤੀ ਜਾ ਸਕੀ, ਕਿਉਂਕਿ ਦੋਸ਼ੀ ਆਪਣੇ ਘਰ ਪੁਲਸ ਨੂੰ ਨਹੀਂ ਮਿਲੇ, ਜਿਸਦੇ ਬਾਅਦ ਅਦਾਲਤ ਨੇ ਉਨ੍ਹਾਂ ਦੇ ਖਿਲਾਫ ਉਕਤ ਹੁਕਮ ਜਾਰੀ ਕੀਤੇ ਹਨ।

ਸੁਣਵਾਈ ਦੌਰਾਨ ਜਦੋਂ ਸਰਕਾਰੀ ਵਕੀਲ ਨੇ ਕੇਸ ਦੀ ਜਾਂਚ ਫ਼ਰੀਦਕੋਟ ਰੇਂਜ ਦੇ ਡੀ ਆਈ ਜੀ ਵੱਲੋਂ ਕਰਨ ਬਾਰੇ ਅਦਾਲਤ ਨੂੰ ਦੱਸਿਆ ਤਾਂ ਜੱਜ ਹਰਸਿਮਰਨਜੀਤ ਕੌਰ ਨੇ ਕਿਹਾ ਕਿ ਅਦਾਲਤ ਦੀ ਮਨਜ਼ੂਰੀ ਤੋਂ ਬਗੈਰ ਕੋਈ ਜਾਂਚ ਨਹੀਂ ਹੋ ਸਕਦੀ, ਕਿਉਂਕਿ ਪੁਲਸ ਨੇ ਅਦਾਲਤ ਵਿੱਚ ਚਲਾਨ ਪੇਸ਼ ਕਰ ਦਿੱਤਾ ਹੈ। ਉਨ੍ਹਾਂ ਇਸ ਦੀ ਜਾਂਚ ਕਰਦੇ ਅਧਿਕਾਰੀਆਂ ਨੂੰ ਵੀ ਅਦਾਲਤੀ ਕਾਰਵਾਈ ਬਾਰੇ ਜਾਣੂ ਕਰਾਉਣ ਦੇ ਹੁਕਮ ਦਿੱਤੇ। ਅਦਾਲਤ ਨੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਕਰਨ ਲਈ ਪੁਲਸ ਕਮਿਸ਼ਨਰ ਨੂੰ ਵੱਖਰੇ ਤੌਰ ਉੱਤੇਇੱਕ ਪੱਤਰ ਵੀ ਲਿਖਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਅਕਾਲੀ ਦਲ ਛੱਡਦੇ ਸਾਰ ਮਨਜਿੰਦਰ ਸਿੰਘ ਸਿਰਸਾ ਦੇ ਸੁਰ ਬਦਲੇ

-ਸੁਨੀਲ ਪਾਂਡੇ-

ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਅਕਾਲੀ ਦਲ ਛੱਡਦੇ ਸਾਰ ਇੱਕ ਸਦੀ ਪੁਰਾਣੀ ਪਾਰਟੀ ਅਕਾਲੀ ਦਲ ਦੀ ਪ੍ਰਾਸੰਗਿਕਤਾ ਉੱਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾਂ ਉਹ ਅਕਾਲੀ ਦਲ ਨੂੰ ਪੰਥ ਦੀ ਪ੍ਰਤੀਨਿਧ ਸੰਸਥਾ ਦੱਸਦੇ ਸਨ, ਭਾਜਪਾ ਵਿੱਚ ਜਾਣ ਦੇ ਬਾਅਦ ਉਨ੍ਹਾਂ ਦੇ ਸੁਰ ਬਦਲ ਗਏ ਅਤੇ ਇਹ ਦਾਅਵਾ ਕਰ ਰਹੇ ਹਨ ਕਿ ਅਕਾਲੀ ਦਲ ਨੇ ਖੁਦ ਨੂੰ ਪੰਜਾਬ ਵਿੱਚ ਸਮੇਟ ਲਿਆ ਹੈ ਤੇ ਅਕਾਲੀ ਨੇਤਾਵਾਂ ਨੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੇ ਮਾਮਲਿਆਂ ਉੱਤੇ ਗੱਲ ਕਰਨੀ ਵੀ ਛੱਡ ਦਿੱਤੀ ਹੈ। ਪੰਜਾਬ ਤੋਂ ਬਾਹਰ ਬੈਠਾ ਸਿੱਖ ਆਪਣੀਆਂ ਪ੍ਰੇਸ਼ਾਨੀਆਂ ਬਾਰੇ ਕਿਸ ਦੇ ਕੋਲ ਜਾਵੇ, ਇਹ ਵੱਡਾ ਸਵਾਲ ਬਣ ਗਿਆ ਹੈ। ਇਸ ਲਈ ਮਨਜਿੰਦਰ ਸਿੰਘ ਸਿਰਸਾ ਆਪਣੇ ਭਾਜਪਾ ਵਿੱਚ ਜਾਣ ਨੂੰ ਠੀਕ ਦੱਸਦੇ ਅਤੇ ਦਾਅਵਾ ਕਰਦੇ ਹਨ ਕਿ ਸਿੱਖਾਂ ਦੇ ਮਸਲੇ ਸਿਰਫ਼ ਭਾਜਪਾ ਹੀ ਹੱਲ ਕਰ ਸਕਦੀ ਹੈ।

ਦੂਸਰੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਤਿੰਨ ਮਹੀਨੇ ਬਾਅਦ ਵੀ ਨਵੀਂ ਕਮੇਟੀ ਨਹੀਂ ਬਣ ਸਕੀ। ਇਸ ਦੇ ਕਾਰਨ ਕਮੇਟੀ ਵਿੱਚ ਸਭ ਕੁਝ ਠੀਕ ਨਾ ਹੋਣਾ ਹੈ। ਨਵੀਂ ਕਮੇਟੀ ਬਣਨ ਵਿੱਚ ਦੇਰੀ ਦੇ ਕਾਰਨ ਜਿੱਤੇ ਮੈਂਬਰਾਂ ਨੂੰ ਆਪਣੇ ਪਾਸੇ ਸੰਤੁਸ਼ਟ ਰੱਖਣ ਲਈ ਕਾਰਜਕਾਰੀ ਮੈਨੇਜਮੈਂਟ ਨੇ ਚੇਅਰਮੈਨੀਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕਹਿੰਦੇ ਹਨ ਕਿ ਹਾਲੇ ਧਰਮ ਪ੍ਰਚਾਰ ਕਮੇਟੀ, ਐਜੂਕੇਸ਼ਨ ਕਮੇਟੀ, ਟਰਾਂਸਪੋਰਟ ਕਮੇਟੀ, ਖਰੀਦ ਕਮੇਟੀ, ਵਿਜੀਲੈਂਸ, ਗੋਲਕ ਦੀ ਦੇਖਭਾਲ ਲਈ ਕਮੇਟੀਆਂ ਬਣਾ ਦਿੱਤੀਆਂ ਤੇ ਉਨ੍ਹਾਂ ਦੇ ਚੇਅਰਮੈਨ ਨਿਯੁਕਤ ਕਰ ਦਿੱਤੇ ਹਨ। ਖਾਸ ਗੱਲ ਇਹ ਹੈ ਕਿ ਸਰਨਾ ਦਲ ਤੋਂ ਆਏ ਸੀਨੀਅਰ ਮੈਂਬਰ ਨੂੰ ਜੋੜੀ ਰੱਖਣ ਲਈ ਨਵਾਂ ਅਹੁਦਾ (ਪ੍ਰਸ਼ਾਸਨਿਕ ਚੇਅਰਮੈਨ) ਬਣਾ ਦਿੱਤਾ ਗਿਆ, ਜਦ ਕਿ ਕਮੇਟੀ ਐਕਟ ਅਨੁਸਾਰ ਇਹ ਕਮੇਟੀਆਂ ਤੇ ਚੇਅਰਮੈਨੀ ਗਲਤ ਹੈ, ਉਹ ਵੀ ਉਦੋਂ ਵੰਡੀਆਂ ਜਾ ਰਹੀਆਂ ਹਨ, ਜਦੋਂ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਹੁਦਾ ਛੱਡ ਕੇ ਭਾਜਪਾ ਵਿੱਚ ਚਲੇ ਗਏ ਹਨ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀ ਹਾਲਤ ਠੀਕ ਨਹੀਂ। ਸਟਾਫ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਲੱਗਭਗ ਸੱਤ ਮਹੀਨੇ ਦੀ ਤਨਖ਼ਾਹ ਬਾਕੀ ਹੈ, ਜਿਸ ਬਾਰੇ ਕਮੇਟੀ ਪ੍ਰਬੰਧਕ ਕੋਈ ਜਵਾਬ ਨਹੀਂ ਦੇ ਰਹੇ। ਸਟਾਫ ਸਕੂਲਾਂ ਦੀ ਥਾਂ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਤਨਖ਼ਾਹ ਲਈ ਅੰਦੋਲਨ ਕਰ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਮੌਕੇ ਉੱਤੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਵੀ ਸਾਰਾ ਦਿਨ ਸਕੂਲ ਦਾ ਸਟਾਫ ਬਾਹਰ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਅਪੀਲ ਕਰਦਾ ਰਿਹਾ, ਪਰ ਕਮੇਟੀ ਪ੍ਰਬੰਧਕਾਂ ਨੇ ਕੁਝ ਨਹੀਂ ਕੀਤਾ। ਉਹ ਉਡੀਕ ਰਹੇ ਹਨ ਕਿ ਨਵੀਂ ਕਮੇਟੀ ਬਣੇ ਅਤੇ ਉਹੀ ਇਨ੍ਹਾਂ ਦਾ ਫੈਸਲਾ ਕਰੇ।

ਇਸ ਦੌਰਾਨ ਦਿੱਲੀ ਦੇ ਬਾਰਡਰਾਂ ਉੱਤੇ 378 ਦਿਨਾਂ ਤੋਂ ਬੈਠੇ ਕਿਸਾਨਾਂ ਦੀ ਘਰ ਵਾਪਸੀ ਹੋ ਗਈ ਹੈ, ਜੋ ਉਨ੍ਹਾਂ ਦੇ ਹੌਸਲੇ ਦੀ ਵੱਡੀ ਜਿੱਤ ਹੈ। ਹਰ ਮੌਸਮ ਝੱਲਣ ਦੇ ਬਾਵਜੂਦ ਕਿਸਾਨਾਂ ਨੇ ਸੰਜਮ ਕਾਇਮ ਰੱਖਿਆ ਤੇ ਫਿਰ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਅੱਗੇ ਝੁਕਣਾ ਪਿਆ। ਪੰਜਾਬ ਤੋਂ ਸ਼ੁਰੂ ਹੋਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਅੰਦੋਲਨ ਨੂੰ ਸ਼ੁਰੂ ਵਿੱਚ ਕੇਂਦਰ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ ਸੀ। ਉਸ ਦਾ ਮੰਨਣਾ ਸੀ ਕਿ ਇਹ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਸਰਕਾਰ ਵੱਲੋਂ ਕਰਾਇਆ ਅੰਦੋਲਨ ਹੈ, ਪਰ 26 ਨਵੰਬਰ ਨੂੰ ਇਸ ਅੰਦੋਲਨ ਦੇ ਦਿੱਲੀ ਪਹੁੰਚਣ ਉੱਤੇ ਜਿਸ ਤਰ੍ਹਾਂ ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਦੇ ਕਿਸਾਨਾਂ ਨੇ ਅੰਦੋਲਨ ਨੂੰ ਆਪਣੀ ਹੋਂਦ ਦਾ ਸਵਾਲ ਬਣਾ ਕੇ ਜੀਅ-ਜਾਨ ਲਾ ਦਿੱਤੀ, ਅੰਦੋਲਨ ਦੀ ਰੂਪਰੇਖਾ ਹੀ ਬਦਲ ਗਈ। ਉਸ ਵਿੱਚ ਸਭ ਤੋਂ ਵੱਡੀ ਭੂਮਿਕਾ 32 ਕਿਸਾਨ ਸੰਗਠਨਾਂ ਦੀ ਕਮੇਟੀ ਵਜੋਂ ਕੰਮ ਕਰਦੇ ਸੰਯੁਕਤ ਕਿਸਾਨ ਮੋਰਚੇ ਦੀ ਸੀ, ਜਿਸ ਦੇ ਬੈਨਰ ਹੇਠ ਕਿਸਾਨ ਸੰਗਠਨਾਂ ਨੇ ਮੰਗਾਂ ਬਾਰੇ ਕੇਂਦਰ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਿਵੇਂ ਕੰਮ ਕੀਤਾ, ਉਸ ਤੋਂ ਸਰਕਾਰ ਦਾ ਬੇਚੈਨ ਹੋਣਾ ਸੁਭਾਵਿਕ ਸੀ।

ਸੋਸ਼ਲ ਮੀਡੀਆ ਨੇ ਵੀ ਇਸ ਅੰਦੋਲਨ ਨੂੰ ਖੇਤੀ ਕ੍ਰਾਂਤੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਖਾਸ ਕਰ ਕੇ ਪੰਜਾਬ ਦੇ ਸਿੱਖ ਪਰਵਾਰਾਂ ਨੇ ਇਸ ਅੰਦੋਲਨ ਨੂੰ ਤਨ, ਮਨ, ਧਨ ਨਾਲ ਸਮਰਥਨ ਦਿੱਤਾ। ਇੱਕ ਸਮੇਂ ਏਦਾਂ ਲੱਗਣ ਲੱਗਾ ਸੀ, ਜਿਵੇਂ ਇਹ ਅੰਦੋਲਨ ਕੇਂਦਰ ਸਰਕਾਰ ਬਨਾਮ ਸਿੱਖਾਂ ਦਾ ਹੈ। ਇਹੀ ਕਾਰਨ ਹੈ ਕਿ ਦੁਨੀਆ ਭਰ ਦੇ ਸਿੱਖ ਪਰਵਾਰਾਂ ਨੇ ਅੰਦੋਲਨ ਨੂੰ ਖੂਬ ਸਮਰਥਨ ਦਿੱਤਾ, ਪ੍ਰਵਾਸੀ ਪੰਜਾਬੀਆਂ ਨੇ ਦਿਲ ਖੋਲ੍ਹ ਕੇ ਇਸ ਦੀ ਮਦਦ ਕੀਤੀ। ਆਖਿਰ ਮੋਦੀ ਸਰਕਾਰ ਨੂੰ ਤਿੰਨੇ ਕਾਨੂੰਨ ਵਾਪਸ ਲੈਣੇ ਪਏ। ਸਰਕਾਰ ਵੱਲੋਂ ਹੱਠ ਛੱਡਣ ਪਿੱਛੋਂ ਕਿਸਾਨਾਂ ਨੇ ਅੰਦੋਲਨ ਮੁਲਤਵੀ ਕਰ ਦਿੱਤਾ ਹੈ।

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday.* Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਐਮ ਐਸ ਪੀ ਨੂੰ ਕਾਨੂੰਨੀ ਹੱਕ ਬਣਾਉਣਾ ਕੀ ਕਿਸਾਨੀ ਮਸਲੇ ਦਾ ਪੱਕਾ ਹੱਲ ਹੋਵੇਗਾ!

-ਐਨ ਕੇ ਸਿੰਘ-

ਤਿੰਨ ਕਾਨੂੰਨ, ਕਿਸਾਨਾਂ ਦਾ ਲੰਬਾ ਅੰਦੋਲਨ, ਰਾਜ ਸ਼ਕਤੀ ਦਾ ਮੁਜ਼ਾਹਰਾ ਕਰਕੇ ਰੁਕਾਵਟ ਦੀ ਅਸਫਲ ਕੋਸ਼ਿਸ਼, ਗੱਲਬਾਤ ਦੇ ਗੇੜ, ਫਿਰ ਕਾਨੂੰਨਾਂ ਦੀ ਵਾਪਸੀ: ਕਿਸਾਨਾਂ ਦਾ ਅੜਿਆ ਰਹਿਣਾ ਅਤੇ ਫਿਰ ਗੱਲਬਾਤ, ਕੀ ਖੇਤੀਬਾੜੀ ਦੀ ਸਮੱਸਿਆ ਦਾ ਸਚਮੁੱਚ ਹੱਲ ਹੋ ਗਿਆ ਹੈ? ਦੇਸ਼ ਦੇ ਦੋ-ਤਿਹਾਈ ਲੋਕਾਂ ਦੀ ਰੋਜ਼ੀ ਨਾਲ ਜੁੜਿਆ (ਖੇਤੀਬਾੜੀ) ਸੈਕਟਰ ਲੰਬੇ ਸਮੇਂ ਤੋਂ ਬੀਮਾਰ ਹੈ। ਇਸ ਨਾਲ ਜੁੜੇ 100 ਕਰੋੜ ਲੋਕ, ਜਿਨ੍ਹਾਂ ਨੂੰ ਕਿਸਾਨ ਜਾਂ ਖੇਤ ਮਜ਼ਦੂਰ ਕਿਹਾ ਜਾਂਦਾ ਹੈ, ਵੀ ਬੀਮਾਰ ਹਨ। ਬੀਮਾਰੀ ਸਿਹਤ ਤੋਂ ਵੱਧ ਆਰਥਿਕ, ਵਿੱਦਿਅਕ, ਸਿਆਸੀ ਤੇ ਸੱਚ ਪੁੱਛੋ ਤਾਂ ਬਹੁਤ-ਪੱਖੀ ਹੈ। ਇਸ ਲਈ ਇਸ ਦਾ ਹੱਲ ਕਿਸੇ ਇੱਕ ਇਲਾਜ ਨਾਲ ਨਹੀਂ ਹੋਵੇਗਾ। ਫਿਰ ਇਨ੍ਹਾਂ ਕਿਸਾਨਾਂ ਦਾ ਇਲਾਜ ਸਰਕਾਰ ਅਜਿਹੇ ਸਿਸਟਮ ਤੋਂ ਕਰਵਾਉਂਦੀ ਹੈ, ਜੋ ਸੁਸਤ, ਲਾਚਾਰ ਅਤੇ ਭ੍ਰਿਸਟ ਹੈ। ਕਿਸਾਨ ਐਮ ਐਸ ਪੀ (ਫਸਲਾਂ ਦੀ ਖਰੀਦ ਦੀ ਘੱਟੋ-ਘੱਟ ਕੀਮਤ) ਉੱਤੇ ਖਰੀਦ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰਦੇ ਹਨ। ਕੀ ਇਹ ਇਸ ਬਹੁ-ਪੱਖੀ ਸਮੱਸਿਆ ਦਾ ਹੱਲ ਹੈ? ਫਿਰ ਕੀ ਸਮੱਸਿਆ ਨੂੰ ਉਸ ਦੀ ਪੂਰਨਤਾ ਵਿੱਚ ਸਮਝਿਆ ਗਿਆ ਹੈ? ਕੀ ਸਮੱਸਿਆ ਦਾ ਕਾਰਨ ਜਾਣਿਆ ਗਿਆ ਹੈ? ਆਖਿਰ ਵਿੱਚ, ਕੀ ਐਮ ਐਸ ਪੀ ਨੂੰ ਕਾਨੂੰਨੀ ਅਧਿਕਾਰ ਬਣਾਉਣ ਨਾਲ ਕਿਸਾਨ ਆਪਣੀ ਕਣਕ-ਚੌਲ ਸਰਕਾਰ ਜਾਂ ਨਿੱਜੀ ਹੱਥਾਂ ਵਿੱਚ ਵੇਚ ਸਕੇਗਾ? ਜੇ ਇਹ ਸਭ ਕੁਝ ਹੋ ਵੀ ਜਾਏ ਤਾਂ ਕੀ ਖੇਤੀ ਪੁਸ਼ਤ-ਦਰ-ਪੁਸ਼ਤ ਲਾਭ ਦਾ ਪੇਸ਼ਾ ਬਣ ਸਕੇਗੀ?

ਕਿਸਾਨ ਇਸ ਗੱਲ ਉੱਤੇ ਅੜਦੇ ਹਨ ਕਿ ਐਮ ਐਸ ਪੀ ਨੂੰ ਕਾਨੂੰਨੀ ਅਧਿਕਾਰ ਬਣਾ ਦਿੱਤਾ ਜਾਵੇ ਤਾਂ ਸਮੱਸਿਆ ਖਤਮ ਹੋ ਜਾਵੇਗੀ? ਕੀ ਉਦੋਂ ਸਭ ਕਿਸਾਨ ਬੈਲਗੱਡੀਆਂ ਰਾਹੀਂ ਪੰਜ-ਪੰਜ ਕੁਇੰਟਲ ਕਣਕ ਲੈ ਕੇ ਮੰਡੀ ਵਿੱਚ ਪੁੱਜਣਗੇ ਤਾਂ ਉਨ੍ਹਾਂ ਦਾ ਮਾਲ ਆੜ੍ਹਤੀ ਆਸਾਨੀ ਨਾਲ ਐਮ ਐਸ ਪੀ ਉੱਤੇ ਲੈ ਲਵੇਗਾ ਜਾਂ ਨਹੀਂ ਤਾਂ ਕੀ ਸਰਕਾਰੀ ਖਰੀਦ-ਕੇਂਦਰਾਂ ਦੇ ਦਰਵਾਜ਼ੇ ਉਨ੍ਹਾਂ ਦੇ ਸਵਾਗਤ ਲਈ ਖੁੱਲ੍ਹੇ ਰਹਿਣਗੇ? ਪੁਰਾਣਾ ਤਜਰਬਾ ਹੈ ਕਿ ਸਰਕਾਰੀ ਅਮਲੇ ਅਤੇ ਆੜ੍ਹਤੀਆਂ ਦਾ ਨਜ਼ਰ ਆਉਣ ਵਾਲਾ ਬੇਹੱਦ ਸ਼ਕਤੀਸ਼ਾਲੀ ਗੈਂਗ ਕਮਜ਼ੋਰ ਕਿਸਾਨਾਂ ਨੂੰ ਇੱਕ ਜਾਂ ਦੂਜੇ ਬਹਾਨੇ: ਜਿਵੇਂ ਅਨਾਜ ਸਾਫ ਕਰ ਕੇ ਲਿਆਓ, ਗੋਦਾਮ ਦੇ ਇੰਚਾਰਜ ਐਸ ਡੀ ਐਮ ਸਾਹਿਬ ਕੋਲ ਮੀਟਿੰਗ ਲਈ ਗਏ ਹਨ, ਕੱਲ੍ਹ ਆਉਣਾ ਜਾਂ ਤੁਹਾਡੀਆਂ ਬੋਰੀਆਂ ਫਟੀਆਂ ਹਨ, ਅੱਜ ਤੁਹਾਡਾ ਨੰਬਰ ਨਹੀਂ ਆਏਗਾ ਆਦਿ ਕਹਿ ਕੇ ਉਨ੍ਹਾਂ ਨੂੰ ਮੰਡੀ ਵਿੱਚ ਵੇਚਣ ਤੋਂ ਰੋਕਣਗੇ।



ਆਜ਼ਾਦੀ ਮਿਲੀ ਤਾਂ ਸੰਵਿਧਾਨ ਬਣਿਆ। ਅਨੁਸੂਚਿਤ ਜਾਤਾਂ /ਕਬੀਲਿਆਂ ਦੀ ਸਦੀਆਂ ਤੋਂ ਤੰਗ ਪ੍ਰੇਸ਼ਾਨ ਕਰਨ ਦੀ ਪ੍ਰਥਾ ਨੂੰ ਖਤਮ ਕਰਨ ਲਈ ਸੰਵਿਧਾਨ ਦੇ ਨਿਰਮਾਤਾਵਾਂ ਨੇ ਧਾਰਾ 17 ਨੂੰ ਮੌਲਿਕ ਅਧਿਕਾਰ ਬਣਾਇਆ। ਕਈ ਕਾਨੂੰਨ ਤੇ ਕਮਿਸ਼ਨ ਬਣਾ ਕੇ ਦੋਸ਼ੀਆਂ ਵਿਰੁੱਧ ਸਖਤੀ ਕੀਤੀ, ਪਰ ਕੀ 70 ਸਾਲ ਵਿੱਚ ਇਹ ਪ੍ਰੇਸ਼ਾਨੀ ਖਤਮ ਹੋ ਸਕੀ? ਸਿੱਖਿਆ ਦਾ ਅਧਿਕਾਰ ਅੱਜ ਤੋਂ 20 ਸਾਲ ਪਹਿਲਾਂ 86ਵੀਂ ਸੰਵਿਧਾਨ ਸੋਧ ਨਾਲ ਮੌਲਿਕ ਅਧਿਕਾਰ ਬਣਾਇਆ ਸੀ ਜਿਸ ਅਧੀਨ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਬਣਿਆ। ਕੀ ਅੱਜ ਗਰੀਬ ਦਾ ਬੇਟਾ ਉਹੀ ਸਿੱਖਿਆ ਹਾਸਲ ਕਰਦਾ ਹੈ ਜੋ ਇੱਕ ਕੁਲੈਕਟਰ ਦੇ ਬੇਟੇ ਨੂੰ ਮਿਲਦੀ ਹੈ ਜਾਂ ਕੀ ਪਿੰਡ ਦੇ ਸਕੂਲ ਵਿੱਚ ਉਹੀ ਸਿੱਖਿਆ ਮਿਲਦੀ ਹੈ ਜੋ ਮਹਿੰਗੇ ਕਾਨਵੈਂਟ ਸਕੂਲਾਂ ਵਿੱਚ ਮਿਲਦੀ ਹੈ? ਭੋਜਨ ਦਾ ਹੱਕ 9 ਸਾਲ ਵਿੱਚ ਮਿ-ਲਆ, ਪਰ ਵਿਸ਼ਵ ਭੁੱਖ ਸੂਚਕ ਅੰਕ ਵਿੱਚ ਭਾਰਤ ਅੰਤਲੇ ਇੱਕ ਦਰਜਨ ਦੇਸ਼ਾਂ ਵਿੱਚ ਹੈ। ਕੀ ਐਮ ਐਸ ਪੀ ਦਾ ਅਧਿਕਾਰ ਮਿਲਣ ਉੱਤੇ ਸਰਕਾਰੀ ਮਸ਼ੀਨਰੀ ਦੀ ਬੇਸ਼ਰਮੀ ਤੇ ਭ੍ਰਿਸ਼ਟਾਚਾਰ ਖਤਮ ਹੋ ਜਾਣਗੇ? ਇਹ ਸੋਚਣਾ ਕਿ ਸਿਰਫ ਐਮ ਐਸ ਪੀ ਨੂੰ ਕਾਨੂੰਨ ਬਣਾਉਣ ਨਾਲ ਗੈਰ ਲਾਭਕਾਰੀ ਖੇਤੀ ਲਾਭਕਾਰੀ ਹੋ ਜਾਵੇਗੀ, ਭਾਰੀ ਗਲਤੀ ਹੋਵੇਗੀ। ਕਿਸਾਨ ਨਿੱਜੀ ਤੌਰ ਉੱਤੇ ਕਮਜ਼ੋਰ ਹੈ। ਸਿਸਟਮ ਉੱਤੇ ਦਬਾਅ ਪਾਉਣ ਜਾਂ ਉਸ ਨਾਲ ਲੜਨ ਦੀ ਸਥਿਤੀ ਵਿੱਚ ਉਹ ਨਹੀਂ ਹੈ। ਕਿਸੇ ਵੀ ਅਧਿਕਾਰ ਨੂੰ ਭਾਰਤ ਵਰਗੇ ਪ੍ਰਸ਼ਾਸਨਿਕ ਸਿਸਟਮ ਵਿੱਚ ਹਾਸਲ ਕਰਨ ਦੀ ਪਹਿਲੀ ਸ਼ਰਤ ਹੈ ਸੰਗਠਿਤ ਦਬਾਅ ਗਰੁੱਪ।

ਅਧਿਕਾਰ ਉਨ੍ਹਾਂ ਲਈ ਹੁੰਦੇ ਹਨ, ਜਿਨ੍ਹਾਂ ਦੇ ਡਰ ਕਾਰਨ ਸਿਸਟਮ ਆਪਣੇ ਆਪ ਨੂੰ ਮਜਬੂਰਨ ਠੀਕ ਕਰਦਾ ਹੈ। ਖਤਰਾ ਇਹ ਹੈ ਕਿ ਕਾਨੂੰਨੀ ਅਧਿਕਾਰ ਬਣਿਆ ਤਾਂ ਮੰਡੀਆਂ ਜਾਂ ਖਰੀਦ ਕੇਂਦਰਾਂ ਦੇ ਸਰਕਾਰੀ ਮੁਲਾਜ਼ਮਾਂ ਤੇ ਵਿਚੋਲਿਆਂ ਦਾ ਜ਼ਬਰਦਸਤ ਗੈਂਗ ਵਿਕਸਿਤ ਹੋਵੇਗਾ ਜੋ ਕਿਸਾਨਾਂ ਨੂੰ ਮਜ਼ਬੂਰ ਕਰੇਗਾ ਕਿ ਉਹ ਸਸਤੀ ਕੀਮਤ ਉੱਤੇ ਆਪਣੀ ਜਿਣਸ ਵੇਚਣ। ਬੇਸ਼ਕ ਕਾਗਜ਼ਾਂ ਉੱਤੇ ਰੇਟ ਕੁਝ ਵੀ ਲਿਖਿਆ ਹੋਵੇ, ਕਿਸਾਨਾਂ ਦੀ ਸੁਣਵਾਈ ਨਹੀਂ ਹੋਵੇਗੀ। ਕਿਸਾਨ ਆਗੂਆਂ ਨੂੰ ਨਵਾਂ ਅੰਦੋਲਨ ਇਸ ਗੱਲ ਲਈ ਕਰਨਾ ਹੋਵੇਗਾ ਕਿ ਛੋਟੀਆਂ-ਛੋਟੀਆਂ ਕਮੇਟੀਆਂ ਹੋਣ ਤੇ ਉਹ ਕਮਜ਼ੋਰ ਤੇ ਛੋਟੇ ਕਿਸਾਨਾਂ ਦਾ ਮਾਲ ਲੈ ਕੇ ਮੰਡੀਆਂ ਤੇ ਸਰਕਾਰੀ ਖਰੀਦ ਕੇਂਦਰਾਂ ਉੱਤੇ ਸਮੂਹਿਕ ਰੂਪ ਨਾਲ ਪ੍ਰਕਿਰਿਆ ਵਿੱਚ ਸ਼ਾਮਲ ਰਹਿਣ। ਇੱਥੇ ਇਹ ਧਿਆਨ ਰੱਖਣਾ ਹੋਵੇਗਾ ਕਿ ਭ੍ਰਿਸ਼ਟ ਸਿਸਟਮ ਕਾਰਨ ਪੈਦਾ ਹੋਇਆ ਦਲਾਲ ਤੇ ਵਿਚੋਲਾ ਇਨ੍ਹਾਂ ਕਿਸਾਨਾਂ ਦੀ ਏਕਤਾ ਨੂੰ ਜਾਤੀ ਅਤੇ ਧਰਮ ਦੇ ਆਧਾਰ ਉੱਤੇ ਤੋੜਨਾ ਚਾਹੇਗਾ। ਇਹ ਕਮੇਟੀਆਂ ਸਮਾਂ ਬੀਤਣ ਨਾਲ ਫਾਰਮਰਜ਼ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ (ਐਫ ਪੀ ਓਜ਼) ਵਜੋਂ ਉਭਰ ਸਕਣਗੀਆਂ।

ਸਵਾਮੀਨਾਥਨ ਰਿਪੋਰਟ ਨੂੰ ਅੱਗੇ ਵਧਾਉਂਦੇ ਹੋਏ ਦਲਵਈ ਕਮੇਟੀ ਨੇ ਦੇਸ਼ ਵਿੱਚ ਇਸ ਤਰ੍ਹਾਂ ਦੇ ਘੱਟੋ-ਘੱਟ 10 ਹਜ਼ਾਰ ਐਫ ਪੀ ਓਜ਼ ਬਣਾਏ ਜਾਣ ਦੀ ਸਿਫਾਰਸ਼ ਕੀਤੀ ਹੈ। ਸਰਕਾਰ ਵੀ ਅਜਿਹਾ ਚਾਹੁੰਦੀ ਹੈ।

ਭਾਰਤ ਵਿੱਚ ਪ੍ਰਤੀ ਹੈਕਟੇਅਰ ਕਣਕ ਦਾ ਉਤਪਾਦਨ 36 ਕੁਇੰਟਲ ਤੋਂ ਘੱਟ ਹੈ। ਇਹ ਸਿਰਫ ਚੀਨ ਤੋਂ ਹੀ ਨਹੀਂ, ਕੌਮਾਂਤਰੀ ਔਸਤ ਤੋਂ ਵੀ ਚਾਰ ਕੁਇੰਟਲ ਘੱਟ ਹੈ। ਦੋ ਭਾਰਤੀ ਰਾਜਾਂ ਪੰਜਾਬ ਅਤੇ ਮੱਧ ਪ੍ਰਦੇਸ਼, ਜਿਨ੍ਹਾਂ ਦਾ ਪੌਣ-ਪਾਣੀ ਲੱਗਭਗ ਬਰਾਬਰ ਹੈ, ਪ੍ਰਤੀ ਹੈਕਟੇਅਰ ਕ੍ਰਮਾਵਰ 55 ਅਤੇ 33 ਕੁਇੰਟਲ ਕਣਕ ਪੈਦਾ ਕਰਦੇ ਹਨ, ਦੋਹਾਂ ਵਿੱਚ 55 ਫੀਸਦੀ ਦਾ ਫਰਕ ਹੈ। ਭਾਵ ਇਹ ਕਿ ਕਿਸਾਨਾਂ ਦੇ ਲਾਭ ਵਿੱਚ ਵੀ ਫਰਕ ਹੈ। ਇਹੀ ਸਥਿਤੀ ਦੁੱਧ ਦੇਣ ਵਾਲੇ ਪਸ਼ੂਆਂ ਦੀ ਵੀ ਹੈ। ਇਹ ਵੀ ਕੌਮਾਂਤਰੀ ਔਸਤ ਤੋਂ ਕਾਫ਼ੀ ਘੱਟ ਹੈ।

ਵਿਗਿਆਨਕ ਖੇਤੀ ਬਾਰੇ ਨਵੀਂ ਚੇਤਨਾ ਖੇਤੀਬਾੜੀ ਸਮਾਜ ਨੂੰ ਜਗਾਉਣੀ ਹੋਵੇਗੀ। ਇਸ ਲਈ ਸਮੂਹਿਕ ਯਤਨ ਕਿਸਾਨ ਆਗੂਆਂ ਰਾਹੀਂ ਸੰਭਵ ਹਨ। ਫਸਲਾਂ ਦੀ ਵੰਨ-ਸੁਵੰਨਤਾ, ਫਸਲੀ ਚੱਕਰ ਅਤੇ ਸਹੀ ਖਾਦ/ ਬੀਜ ਤੋਂ ਘੱਟ ਲਾਗਤ ਵਿੱਚ ਵਧੇਰੇ ਉਤਪਾਦਕ ਹੋਵੇ, ਖੇਤੀਬਾੜੀ ਸੰਕਟ ਵਿਰੁੱਧ ਇਹ ਮੂਲ-ਮੰਤਰ ਹੋ ਸਕਦਾ ਹੈ। ਅਸੀਂ ਆਪਣੀ ਲੋੜ ਤੋਂ ਵੱਧ ਅਨਾਜ ਪੈਦਾ ਕਰਦੇ ਹਾਂ। ਇਸ ਲਈ ਨਕਦੀ ਫਸਲ ਵੱਲ ਰੁਖ ਕਰਨਾ ਅਤੇ ਅਨਾਜ ਦੀ ਲਾਗਤ ਕੀਮਤ ਨੂੰ ਘੱਟ ਕਰਕੇ ਬਰਾਮਦ ਪੱਖੀ ਬਣਾਉਣਾ ਹੀ ਇੱਕੋ-ਇੱਕ ਉਪਾਅ ਹੈ। ਸਿਰਫ ਐਮ ਐਸ ਪੀ ਉੱਤੇ ਖਰੀਦ ਨੂੰ ਕਾਨੂੰਨ ਬਣਾਉਣ ਨਾਲ ਭ੍ਰਿਸ਼ਟਾਚਾਰ ਵਧੇਗਾ। ਬਾਜ਼ਾਰ ਦੇ ਮੁੱਲ ਸਿਧਾਂਤ ਦੇ ਉਲਟ ਹੋਣ ਕਾਰਨ ਕੋਈ ਸਥਾਈ ਹੱਲ ਨਹੀਂ ਲੱਭੇਗਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ


CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਪੰਜਾਬ ਚੋਣਾਂ ਵਾਸਤੇ ਗੁੱਛੀ-ਮਾਰ ਦਾਅ ਉੱਤੇ ਬੈਠੀ ਹੋਈ ਭਾਜਪਾ






ਪੰਜਾਬ ਇਸ ਵੇਲੇ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਦਿਨੋ-ਦਿਨ ਉਹ ਘੜੀ ਨੇੜੇ ਆਈ ਜਾਂਦੀ ਹੈ, ਜਦੋਂ ਲੋਕਾਂ ਨੇ ਵੋਟਾਂ ਪਾਉਣੀਆਂ ਅਤੇ ਆਗੂ ਚੁਣਨੇ ਹਨ, ਜਿਹੜੇ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧ ਵਜੋਂ ਭਵਿੱਖ ਨਕਸ਼ਾ ਸੁਧਾਰਨ ਦੇ ਜ਼ਿੰਮੇਵਾਰ ਹੋਣਗੇ, ਪਰ ਅਮਲ ਵਿੱਚ ਜਿੱਦਾਂ ਅੱਗੇ ਹੁੰਦਾ ਰਿਹਾ ਹੈ, ਉਸ ਕਾਰਨ ਆਸ ਰੱਖਣੀ ਫਜ਼ੂਲ ਹੈ ਕਿ ਉਹ ਮਾਣ-ਸਨਮਾਨ ਬਖਸ਼ਣ ਵਾਲੇ ਵੋਟਰਾਂ ਦਾ ਚੇਤਾ ਵੀ ਰੱਖਣਗੇ। ਬਿਨਾਂ ਸਿਧਾਂਤ ਤੋਂ ਕੁਰਸੀਆਂ ਦੀ ਝਾਕ ਵਿੱਚ ਜਣਾ-ਖਣਾ ਆਗੂ ਬਣਨ ਤੁਰ ਪੈਂਦਾ ਹੈ ਤੇ ਆਗੂ ਬਣਨਾ ਵੀ ਔਖਾ ਨਹੀਂ, ਬੰਦੇ ਕੋਲ ਥੋੜ੍ਹਾ ਜਿਹਾ ਪੈਸਾ ਹੋਵੇ, ਲੋਕਾਂ ਦੀ ਨਜ਼ਰ ਵਿੱਚ ਲੀਡਰ ਬਣਾ ਕੇ ਪੇਸ਼ ਕਰਨ ਵਾਲਿਆਂ ਦੀ ਲਾਈਨ ਲੱਗ ਜਾਂਦੀ ਹੈ। ਕਿਸੇ ਵੱਡੇ ਰਾਜਸੀ ਆਗੂ ਨਾਲ ਕਿਸੇ ਤਰ੍ਹਾਂ ਦਾ ਉਸ ਦਾ ਰਿਸ਼ਤਾ ਹੋਵੇ ਤੇ ਉਹ ਉਸ ਰਿਸ਼ਤੇ ਨੂੰ ਵਰਤਣਾ ਜਾਣਦਾ ਹੋਵੇ ਤਾਂ ਅਪਣੇ ਲਈ ਮੈਦਾਨ ਬਣਾ ਲੈਣ ਵਿੱਚ ਉਸ ਨੂੰ ਉਂਜ ਹੀ ਦੇਰ ਨਹੀਂ ਲੱਗਦੀ। ਚਾਰ ਥਾਂਈਂ ਆਪਣੇ ਰਿਸ਼ਤੇਦਾਰ ਲੀਡਰ ਦੇ ਸਮਾਗਮ ਕਰਵਾਉਣ ਦਾ ਨਾਟਕ ਕਰ ਲਏ, ਫਿਰ ਚਾਰ ਥਾਂਈਂ ਉਸ ਲੀਡਰ ਨਾਲ ਜਾਂਦਿਆਂ ਸਟੇਜ ਸੈਕਟਰੀ ਨੂੰ ਕਹਿ ਕੇ ਭਾਸ਼ਣ ਕਰਨ ਲਈ ਵਕਤ ਕੱਢਵਾ ਲਵੇ ਤੇ ਉਸ ਭਾਸ਼ਣ ਵਾਲੀਆਂ ਫੋਟੋ ਚਾਰ ਅਖਬਾਰਾਂ ਵਿੱਚ ਛਪਵਾ ਲਵੇ ਤਾਂ ਉਹ 'ਸੀਨੀਅਰ ਲੀਡਰ' ਬਣ ਜਾਂਦਾ ਹੈ।

ਅੱਜ ਜਦੋਂ ਇੱਕ ਵਾਰ ਫਿਰ ਪੰਜਾਬ ਵਿੱਚ ਚੋਣਾਂ ਦਾ ਮਾਹੌਲ ਬਣਿਆ ਪਿਆ ਹੈ, ਓਦੋਂ ਕਈ ਲੀਡਰਾਂ ਦੇ ਕਾਕੇ ਅਤੇ ਚਹੇਤੇ ਰਿਸ਼ਤੇਦਾਰ ਰਾਤੋ-ਰਾਤ ਲੀਡਰ ਬਣਨ ਅਤੇ ਇੱਕ ਜਾਂ ਦੂਸਰੇ 'ਹਲਕੇ ਦੇ ਲੋਕਾਂ ਦੀ ਮੰਗ' ਦੱਸ ਕੇ ਟਿਕਟਾਂ ਵਾਸਤੇ ਦਾਅਵੇਦਾਰ ਬਣਦੇ ਆਮ ਮਿਲ ਜਾਂਦੇ ਹਨ। ਉਨ੍ਹਾਂ ਵਿੱਚੋਂ ਕਈਆਂ ਨੂੰ ਟਿਕਟਾਂ ਮਿਲ ਵੀ ਜਾਣੀਆਂ ਹਨ। ਪੰਜਾਬ ਦੀਆਂ ਸਭ ਪਾਰਟੀਆਂ ਵਿੱਚ ਏਦਾਂ ਦਾ ਕਲਚਰ ਹੈ, ਜਿਸ ਕਰ ਕੇ ਕਿਸੇ ਇੱਕ ਜਾਂ ਦੂਸਰੀ ਦਾ ਨਾਂਅ ਲੈਣ ਦੀ ਲੋੜ ਨਹੀਂ। ਸਰਕਾਰ ਚਲਾ ਰਹੀ ਪਾਰਟੀ ਵਿੱਚ ਏਦਾਂ ਦੇ ਲੋਕ ਵੱਧ ਹਨ। ਇਸ ਦਾ ਕਾਰਨ ਇਹ ਹੈ ਕਿ ਰਾਜ ਕਰਦਿਆਂ ਜਿਹੋ ਜਿਹੀ ਕਮਾਈ ਰਾਤ-ਦਿਨ ਦੋਵੇਂ ਹੱਥੀਂ ਕੀਤੀ ਜਾਂਦੀ ਆਮ ਲੋਕ ਸੁਣਦੇ ਹਨ, ਉਸ ਕਮਾਈ ਨੂੰ ਸੰਭਾਲਣ ਵਾਲਿਆਂ ਦੀ ਪਲਟਣ ਵੀ ਓਡੀ ਹੀ ਵੱਡੀ ਚਾਹੀਦੀ ਹੈ ਤੇ ਜਿਹੜੇ ਲੋਕ ਇਨ੍ਹਾਂ ਕੰਮਾਂ ਲਈ ਵਰਤੇ ਜਾਂਦੇ ਹਨ, ਉਹ ਏਨੇ ਰਾਜ਼ ਜਾਣ ਜਾਂਦੇ ਹਨ ਕਿ ਟਿਕਟ ਮੰਗਣ ਤਾਂ ਉਨ੍ਹਾਂ ਨੂੰ ਇਨਕਾਰ ਕਰਨ ਦਾ ਮਤਲਬ ਆਪਣੀ ਭੇਦਾਂ ਦੀ ਖੇਹ ਉਡਾਉਣ ਦਾ ਰਿਸਕ ਲੈਣਾ ਹੁੰਦਾ ਹੈ। ਇਸ ਕਰ ਕੇ ਲੀਡਰਾਂ ਨਾਲ ਲੱਗੇ ਹੋਏ ਏਦਾਂ ਦੇ ਬੰਦਿਆਂ ਦੀ ਗਿਣਤੀ ਰਾਜ ਕਰਦੀ ਪਾਰਟੀ ਦੇ ਲੀਡਰਾਂ ਵੱਲ ਵੱਧ ਹੋ ਸਕਦੀ ਹੈ, ਪਰ ਵਿਰੋਧੀ ਧਿਰ ਵਿੱਚ ਬੈਠਦੇ ਆਗੂਆਂ ਦੇ ਨਾਲ ਵੀ ਏਦਾਂ ਦੇ ਲੋਕਾਂ ਦੀ ਛੋਟੀ ਗਿਣਤੀ ਨਹੀਂ ਹੁੰਦੀ।

ਜਿਹੜੇ ਲੋਕ ਪਹਿਲਾਂ ਕਿਸੇ ਨਾ ਕਿਸੇ ਰੁਤਬੇ ਉੱਤੇ ਜਾ ਚੁੱਕੇ ਹੁੰਦੇ ਹਨ ਅਤੇ ਫਿਰ ਉਹ ਰੁਤਬਾ ਬਚਾਉਣਾ ਜਾਂ ਹੋਰ ਵੱਡਾ ਰੁਤਬਾ ਹਾਸਲ ਕਰਨਾ ਚਾਹੁੰਦੇ ਹਨ, ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਹਰ ਵਾਰ ਚੋਣਾਂ ਨੇੜੇ ਆਉਣ ਨਾਲ ਬੇਸ਼ਰਮ ਹੋਣ ਦੇ ਰਿਕਾਰਡ ਤੋੜਨ ਲੱਗਦੇ ਹਨ। ਸਾਡੇ ਪੰਜਾਬ ਦੀ ਅੱਜ ਵਾਲੀ ਵਿਧਾਨ ਸਭਾ ਦੇ ਮੈਂਬਰਾਂ ਦਾ ਪਿਛੋਕੜ ਅਸੀਂ ਫੋਲਣਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਦੋ ਦਰਜਨ ਤੋਂ ਵੱਧ ਆਪਣੇ ਬਾਪ-ਦਾਦੇ ਜਾਂ ਰਿਸ਼ਤੇ ਵਿੱਚ ਕਿਸੇ ਆਗੂ ਨਾਲ ਨੇੜਲੇ ਸੰਬੰਧਾਂ ਕਰ ਕੇ ਵਿਧਾਇਕ ਬਣੇ ਸਨ। ਕਰੀਬ ਸੱਤਵਾਂ ਹਿੱਸਾ ਉਹ ਲੋਕ ਇਸ ਵਿਧਾਨ ਸਭਾ ਦੇ ਮੈਂਬਰ ਹਨ, ਜਿਹੜੇ ਕਦੇ ਨਾ ਕਦੇ ਇੱਕ ਪਾਰਟੀ ਤੋਂ ਦੂਸਰੀ ਵੱਲ ਛੜੱਪੇ ਮਾਰ ਚੁੱਕੇ ਹਨ ਅਤੇ ਕੁਝ ਲੋਕ ਤਾਂ ਤੀਸਰੀ ਜਾਂ ਚੌਥੀ ਪਾਰਟੀ ਤੱਕ ਦੇ ਛੜੱਪੇ ਮਾਰਨ ਪਿੱਛੋਂ ਵੀ ਆਗੂ ਮੰਨੇ ਜਾਂਦੇ ਹਨ। ਇਹੋ ਜਿਹੇ ਲੋਕ ਅੱਜ ਵਾਲੀ ਵਿਧਾਨ ਸਭਾ ਵਿੱਚ ਹੀ ਨਹੀਂ, ਅਗਲੀ ਵਾਰ ਜਿਹੜੇ ਚੁਣ ਕੇ ਆਉਣੇ ਹਨ, ਉਹ ਵੀ ਬਹੁਤ ਸਾਰੇ, ਬਲਕਿ ਅੱਜ ਵਾਲੇ ਵਿਧਾਇਕਾਂ ਤੋਂ ਵੱਧ ਏਦਾਂ ਦੇ ਹੋਣਗੇ।

ਕੁਝ ਹਫਤੇ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮੰਤਰੀ ਇਹ ਕੁਰਸੀ ਛੱਡਣ ਲਈ ਮਜਬੂਰ ਹੋਇਆ ਤਾਂ ਉਹ ਆਪਣੀ ਪਾਰਟੀ ਵੀ ਛੱਡ ਗਿਆ। ਫਿਰ ਉਸ ਨੇ ਇੱਕ ਨਵੀਂ ਕਾਂਗਰਸ ਪਾਰਟੀ ਬਣਾਈ ਅਤੇ ਇਹ ਆਸ ਰੱਖੀ ਬੈਠਾ ਹੈ ਕਿ ਜਿਸ ਦਿਨ ਅਗਲੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਹੋਣਾ ਤੇ ਚੋਣ ਜ਼ਾਬਤਾ ਲਾਇਆ ਜਾਣਾ ਹੈ, ਉਸ ਦਿਨ ਦੂਸਰੀਆਂ ਪਾਰਟੀਆਂ ਵਿੱਚੋਂ ਤੇ ਖਾਸ ਕਰ ਕੇ ਕਾਂਗਰਸ ਵਿੱਚੋਂ ਕਈ ਮੌਜੂਦਾ ਵਿਧਾਇਕ ਤੇ ਸ਼ਾਇਦ ਕੁਝ ਮੰਤਰੀ ਵੀ ਉਸ ਨਾਲ ਆ ਜੁੜਨਗੇ। ਸਾਫ ਹੈ ਕਿ ਖੁਦ ਤਿੰਨ ਪਾਰਟੀਆਂ ਬਦਲ ਚੁੱਕਾ ਆਗੂ ਇਸ ਨਵੀਂ ਪਾਰਟੀ ਦਾ ਮੁੱਢ ਹੀ ਏਦਾਂ ਦੇ ਦਲ-ਬਦਲੂਆਂ ਨਾਲ ਬੰਨ੍ਹਣ ਦੀ ਤਾਕ ਵਿੱਚ ਹੈ, ਜਿਹੜੇ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਾਰਨ ਕਬੂਤਰ ਵਾਂਗ ਉਡਾਰੀ ਮਾਰ ਕੇ ਇਸ ਲੀਡਰ ਦੇ ਚੁਬਾਰੇ ਉੱਤੇ ਆ ਬੈਠਣਗੇ। ਆਮ ਆਦਮੀ ਪਾਰਟੀ ਇਹ ਕਹਿੰਦੀ ਹੈ ਕਿ ਕਾਂਗਰਸ ਦੇ ਪੰਝੀ ਦੇ ਕਰੀਬ ਵਿਧਾਇਕ ਉਸ ਨਾਲ ਜੁੜਨ ਨੂੰ ਤਿਆਰ ਹਨ, ਪਰ ਉਹ ਇਹੋ ਜਿਹੇ ਦਲਬਦਲੂਆਂ ਲਈ ਆਪਣੇ ਦਰਵਾਜ਼ੇ ਨਹੀਂ ਖੋਲ੍ਹਣਾ ਚਾਹੁੰਦੀ। ਇਹ ਗੱਲ ਹੋ ਵੀ ਸਕਦੀ ਹੈ ਅਤੇ ਹਵਾ ਬੰਨ੍ਹਣ ਲਈ ਯੱਕੜ ਮਾਰਿਆ ਵੀ ਹੋਵੇ ਤਾਂ ਹੈਰਾਨੀ ਵਾਲੀ ਕੋਈ ਗੱਲ ਨਹੀਂ। ਏਦਾਂ ਦਾ ਦਾਅਵਾ ਉਸ ਪਾਰਟੀ ਨੇ ਅਕਾਲੀ ਦਲ ਬਾਰੇ ਵੀ ਕੀਤਾ ਹੈ। ਅਕਾਲੀ ਆਗੂ ਵੀ ਏਦਾਂ ਦੀ ਗੱਲ ਕਈ ਵਾਰ ਕਹਿ ਚੁੱਕੇ ਹਨ ਕਿ ਕਾਂਗਰਸ ਹੀ ਨਹੀਂ, ਆਮ ਆਦਮੀ ਪਾਰਟੀ ਦੇ ਕਈ ਵਿਧਾਇਕ ਅਗਲੇ ਦਿਨਾਂ ਵਿੱਚ ਉਨ੍ਹਾਂ ਵੱਲ ਆ ਸਕਦੇ ਹਨ। ਜਦੋਂ ਆਇਆ ਤੇ ਜਿਹੜਾ ਕੋਈ ਵੀ ਉਨ੍ਹਾਂ ਕੋਲ ਆ ਗਿਆ, ਨਾ ਆਮ ਆਦਮੀ ਪਾਰਟੀ ਨੇ ਕਦੀ ਮੋੜਨ ਦੀ ਲੋੜ ਸਮਝੀ ਹੈ, ਨਾ ਅਕਾਲੀ ਦਲ ਨੇ ਮੋੜਨਾ ਹੈ ਅਤੇ ਨਾ ਉਸ ਕਾਂਗਰਸ ਪਾਰਟੀ ਨੇ, ਜਿਸ ਨੇ ਇਸੇ ਸਾਲ ਅੱਠ ਜਣੇ ਆਮ ਆਦਮੀ ਪਾਰਟੀ ਵਿੱਚੋਂ ਖਿੱਚ ਕੇ ਆਪਣੇ ਵਿੱਚ ਮਿਲਾਏ ਹਨ। ਇਨ੍ਹਾਂ ਵਿੱਚੋਂ ਤਿੰਨ ਜਣੇ ਕੈਪਟਨ ਅਮਰਿੰਦਰ ਸਿੰਘ ਦੇ ਕਹੇ ਉੱਤੇ ਏਧਰ ਆਏ ਸਨ ਤੇ ਉਸ ਵੱਲੋਂ ਪਾਰਟੀ ਛੱਡਣ ਪਿੱਛੋਂ ਕੋਈ ਕਦਰ ਨਾ ਪੈਂਦੀ ਵੇਖ ਕੇ ਅਸੈਂਬਲੀ ਮੈਂਬਰੀ ਤੋਂ ਹੀ ਅਸਤੀਫੇ ਦੇ ਗਏ ਹਨ। ਇੱਕ ਜਣਾ ਵਿਧਾਨ ਸਭਾ ਮੈਂਬਰੀ ਤੋਂ ਅਯੋਗ ਕਰਾਰ ਦਿੱਤੇ ਜਾਣ ਦੇ ਬਾਅਦ ਟਿਕਟ ਦੀ ਝਾਕ ਵਿੱਚ ਏਧਰ ਆਇਆ ਤੇ ਇੱਕ ਬੀਬੀ ਇਸ ਲਈ ਕਾਂਗਰਸ ਵਿੱਚ ਆਈ ਹੈ ਕਿ ਆਮ ਆਦਮੀ ਪਾਰਟੀ ਨੇ ਉਸ ਨੂੰ ਟਿਕਟ ਨਾ ਦੇਣ ਦਾ ਇਸ਼ਾਰਾ ਅਗੇਤਾ ਹੀ ਕਰ ਦਿੱਤਾ ਸੀ। ਇਸ ਤੋਂ ਕਾਂਗਰਸ ਵਾਲੇ ਇਹ ਸਮਝਦੇ ਹਨ ਕਿ ਉਨ੍ਹਾਂ ਵੱਲ ਲੋਕ ਆਈ ਜਾਂਦੇ ਹਨ, ਪਰ ਉਹ ਚੇਤਾ ਭੁਲਾ ਦੇਂਦੇ ਹਨ ਕਿ ਲੋਕ ਉਨ੍ਹਾਂ ਵੱਲ ਨਹੀਂ, ਸੱਤਾ ਵੱਲ ਆਏ ਹਨ, ਜਦੋਂ ਹਵਾ ਦਾ ਰੁਖ ਬਦਲ ਰਿਹਾ ਦਿੱਸੇਗਾ ਤਾਂ ਰਾਤੋ-ਰਾਤ ਕਿਸੇ ਹੋਰ ਪਾਸੇ ਜਾਣ ਵਿੱਚ ਵੀ ਪਲ ਨਹੀਂ ਲਾਉਣਗੇ। ਬਿਨਾਂ ਕਿਸੇ ਸਿਧਾਂਤ ਤੋਂ ਸੱਤਾ ਸੁਖ ਲਈ ਜਿਨ੍ਹਾਂ ਲੋਕਾਂ ਨੇ ਪਹਿਲਾਂ ਛੜੱਪੇ ਮਾਰਦਿਆਂ ਸ਼ਰਮ ਨਹੀਂ ਸੀ ਕੀਤੀ, ਅਗੋਂ ਵੀ ਕਦੇ ਨਹੀਂ ਕਰਨਗੇ।

ਅਕਾਲੀ ਦਲ ਨੇ ਪਿਛਲੇ ਦਿਨਾਂ ਵਿੱਚ ਇਹੋ ਜਿਹੇ ਕੁਝ ਲੋਕ ਨਾਲ ਮਿਲਾਏ ਹਨ, ਪਰ ਕਾਂਗਰਸੀਆਂ ਤੋਂ ਉਲਟ ਇਸ ਪਾਸੇ ਮੌਜੂਦਾ ਦੀ ਬਜਾਏ ਸਾਬਕਾ ਵਿਧਾਇਕਾਂ ਦੀ ਲਾਈਨ ਹੀ ਲੱਗਦੀ ਦਿੱਸੀ ਹੈ। ਉਨ੍ਹਾਂ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵਾਰੀ 'ਅਭੀ ਨਹੀਂ ਤੋਂ ਕਭੀ ਨਹੀਂ' ਵਾਲੀ ਸੋਚ ਨਾਲ ਚੋਣਾਂ ਦੇ ਮੈਦਾਨ ਵਿੱਚ ਹੈ। ਉਸ ਦੇ ਸਾਹਮਣੇ ਵੱਡੀ ਚੁਣੌਤੀ ਹੈ ਕਿ ਜੇ ਇਸ ਵਾਰੀ ਆਪਣੀ ਪਾਰਟੀ ਨੂੰ ਰਾਜ-ਗੱਦੀਆਂ ਤੱਕ ਨਾ ਪੁਚਾ ਸਕਿਆ ਤਾਂ ਅਗਲੀ ਵਾਰੀ ਪਾਰਟੀ ਦੀ ਅਗਵਾਈ ਵੀ ਉਸ ਦੇ ਹੱਥੋਂ ਨਿਕਲ ਸਕਦੀ ਹੈ। ਪਿਛਲੀ ਵਾਰ ਦੀਆਂ ਚੋਣਾਂ ਵਿੱਚ ਪਾਰਟੀ ਦੀ ਸਿਰਫ ਹਾਰ ਨਹੀਂ ਸੀ ਹੋਈ, ਪਾਰਟੀ ਦੀ ਹੈਸੀਅਤ ਏਨੀ ਪਾਣੀਉਂ ਪਤਲੀ ਹੋ ਗਈ ਸੀ ਕਿ ਜਦੋਂ ਚੋਣਾਂ ਦਾ ਰਿਵੀਊ ਕਰਨ ਦੇ ਲਈ ਸੀਨੀਅਰ ਲੀਡਰ ਬੈਠੇ ਸਨ ਤਾਂ ਉਸ ਦੀ ਪ੍ਰਧਾਨਗੀ ਨੂੰ ਚੁਣੌਤੀ ਓਦੋਂ ਵੀ ਦੇ ਦਿੱਤੀ ਗਈ ਸੀ। ਉਸ ਵੇਲੇ ਕਈ ਵੱਡੇ ਲੀਡਰ ਸਿੱਧੇ ਉਸ ਦੇ ਨਾਲ ਖੜੋਤੇ ਸਨ ਜਾਂ ਉਸ ਦੇ ਪਿਤਾ ਜੀ ਦੀ ਸ਼ਰਮ ਕਾਰਨ ਨਾਲ ਖੜੋਤੇ ਸਨ, ਪਰ ਉਸ ਵੇਲੇ ਉਹ ਚੁਣੌਤੀ ਟਲ ਗਈ ਸੀ, ਇਹੋ ਜਿਹੀ ਹਾਰ ਇਸ ਵਾਰ ਵੀ ਹੋ ਗਈ ਤਾਂ ਚੁਣੌਤੀ ਦੇਣ ਵਾਲਿਆਂ ਦੀ ਗਿਣਤੀ ਤੇ ਦਬਾਅ ਦੋਵੇਂ ਵਧਣ ਦਾ ਡਰ ਹੈ। ਆਮ ਆਦਮੀ ਪਾਰਟੀ ਜਦੋਂ ਪਿਛਲੀ ਵਾਰੀ ਜਿੱਤ ਦੀ ਵੱਡੀ ਆਸ ਲਾਈ ਬੈਠੀ ਸੀ ਤੇ ਸੌ ਸੀਟਾਂ ਜਿੱਤਣ ਦੇ ਦਾਅਵੇ ਕਰਦੀ ਮਸਾਂ ਵੀਹ ਕੁ ਸੀਟਾਂ ਉੱਤੇ ਸਿਮਟ ਗਈ ਸੀ, ਉਸ ਦੇ ਬਾਅਦ ਉਸ ਦੇ ਆਗੂ ਮੰਨਦੇ ਸਨ ਕਿ ਅਸੀਂ 'ਜਿਤੀ ਹੋਣੀ ਚੋਣ ਕਿੱਦਾਂ ਹਾਰੀਏ' ਵਾਲੀ ਕਿਤਾਬ ਲਿਖ ਸਕਦੇ ਹਾਂ। ਪਿਛਲੇ ਦਿਨੀਂ ਉਨ੍ਹਾਂ ਦੇ ਆਗੂਆਂ ਨਾਲ ਮਿਲਣ ਦਾ ਸਬੱਬ ਬਣਿਆ ਤਾਂ ਅਸੀਂ ਹਾਸੇ ਵਿੱਚ ਕਿਹਾ ਸੀ ਕਿ ਜਿਹੜੀ ਕਿਤਾਬ ਤੁਸੀਂ ਪਿਛਲੀ ਵਾਰੀ ਲਿਖ ਸਕਦੇ ਸੀ, ਪਰ ਓਦੋਂ ਲਿਖੀ ਨਹੀਂ ਸੀ, ਜੇ ਤੁਹਾਡੀ ਨੀਤੀ ਦਾ ਚੱਕਾ ਏਦਾਂ ਹੀ ਚੱਲਦਾ ਰਿਹਾ ਤਾਂ ਤੁਸੀਂ ਉਸੇ ਕਿਤਾਬ ਦੀ ਦੂਸਰੀ ਐਡੀਸ਼ਨ ਵੀ ਨਾਲ ਹੀ ਲਿਖਣ ਜੋਗੇ ਹੋ ਜਾਓਗੇ।

ਇੱਕ ਪਾਰਟੀ ਦਾ ਜ਼ਿਕਰ ਅਸੀਂ ਇਸ ਲਿਖਤ ਵਿੱਚ ਨਹੀਂ ਕੀਤਾ ਅਤੇ ਦੇਸ਼ ਉੱਤੇ ਰਾਜ ਕਰਦੀ ਉਸ ਪਾਰਟੀ ਬਾਰੇ ਜ਼ਿਕਰ ਇਸ ਲਈ ਨਹੀਂ ਕੀਤਾ ਕਿ ਉਹ ਕਿਸੇ ਵੱਡੀ ਤਾਕ ਵਿੱਚ ਅਜੇ ਪੱਤੇ ਨਹੀਂ ਖੋਲ੍ਹ ਰਹੀ। ਅਗਲੇ ਦਿਨੀਂ ਜਿਹੜੇ ਦਾਅ ਵਰਤਣ ਦੇ ਸੰਕੇਤ ਉਸ ਵੱਲੋਂ ਮਿਲ ਰਹੇ ਹਨ, ਉਨ੍ਹਾਂ ਬਾਰੇ ਅਗੇਤਾ ਕੁਝ ਕਹਿਣਾ ਔਖਾ ਹੈ। ਉਨ੍ਹਾਂ ਦੇ ਇਹ ਸੰਕੇਤ ਵੇਖਣੇ ਸ਼ੁਰੂ ਕਰੀਏ ਤਾਂ ਵਿਧਾਨ ਸਭਾ ਚੋਣਾਂ ਦੀ ਇਸ ਵਕਤ ਚੱਲਦੀ ਸਾਰੀ ਮੁਹਿੰਮ ਦਾ ਰੁਖ ਹੀ ਪਲਟ ਸਕਦਾ ਹੈ। ਉਹ ਸੰਕੇਤ ਅਸਲੋਂ ਚੁੱਪ-ਚੁਪੀਤੇ ਦਾਅ ਖੇਡਣ ਵਾਲੇ ਸੁਣੇ ਜਾਂਦੇ ਹਨ। ਪੰਜਾਬ ਦੀ ਰਾਜਨੀਤੀ ਲਈ ਇਹੀ ਦਾਅ ਹੋਰ ਸਾਰੇ ਪੱਖਾਂ ਉੱਤੇ ਭਾਰੂ ਹੋਣ ਦਾ ਯਤਨ ਬਣ ਸਕਦਾ ਹੈ, ਏਨਾ ਭਾਰੂ, ਕਿ ਕਈ ਧਨੰਤਰ ਵੀ ਚੱਕਰ ਵਿੱਚ ਪੈ ਸਕਦੇ ਹਨ।

# ਪੰਜਾਬ-ਸਾਨੂੰ ਕੀ ਮੁਫਤ ਚਾਹੀਦਾ ਹੈ !



ਅਸ਼ੋਕ ਸੋਨੀ
9872705078

ਇਸ ਸਮੇਂ ਪੰਜਾਬ ਚ ਵਿਧਾਨਸਭਾ ਦੀਆਂ ਚੋਣਾਂ ਦਾ ਗਰਮ ਮਾਹੌਲ, ਦਸੰਬਰ ਦੀ ਸਰਦੀ ਤੇ ਵੀ ਪੂਰੀ ਤਰਾਂ ਨਾਲ ਭਾਰੂ ਪੈ ਰਿਹਾ ਏ। ਕਹਿੰਦੇ-ਕਹਾਉਂਦੇ ਲੀਡਰ ਪਹਿਲੇ ਦਿਨ ਤੀਕ, ਜਿਸ ਪਾਰਟੀ ਨੂੰ ਤੇ ਉਸ ਪਾਰਟੀ ਦੇ ਜਿੰਨਾਂ ਲੀਡਰਾਂ ਨੂੰ ਗਾਲ੍ਹਾਂ ਕੱਢ ਰਹੇ ਹੁੰਦੇ ਹਨ, ਦੂਜੇ ਕੁ ਦਿਨ ਉਨ੍ਹਾਂ ਲੀਡਰਾਂ ਤੋਂ ਈ ਸਿਰੋਪਾ ਪੁਆ, ਉਹਨਾਂ ਮਹਾਂਪੁਰਖਾਂ ਨੂੰ ਈ ਜਿਸ ਬੇਸ਼ਰਮੀ ਨਾਲ ਆਪਣਾ ਆਦਰਸ਼ ਘੋਸ਼ਿਤ ਕਰ ਰਹੇ ਨੇ, ਉਹ ਕਿਸੇ ਵੀ ਅਣਖੀ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਹੈ। ਪੰਜਾਬ ਰਾਜਨੀਤਕ ਪੱਖੋਂ ਬਹੁਤ ਈ ਸਾਫ-ਸਪੱਸ਼ਟ ਤੇ ਚਿੱਟਾ-ਨੰਗਾ ਸੂਬਾ ਏ, ਜਿੱਥੇ ਹਮੇਸ਼ਾਂ ਚੋਣਾਂ ਤੋਂ ਪਹਿਲਾਂ ਈ ਪਤਾ ਲੱਗ ਜਾਂਦਾ ਏ ਕਿ ਕੌਣ ਸਰਕਾਰ ਬਣਾਉਣ ਜਾ ਰਿਹਾ ਏ ਤੇ ਕਿਹੜਾ ਬੁਰੀ ਤਰਾਂ ਨਾਲ ਹਾਰ ਰਿਹਾ ਏ ਪਰ ਇਹ ਪਹਿਲੀ ਵਾਰ ਏ ਕਿ ਚੋਣਾਂ ਚ ਸਿਰਫ ਤਿੰਨ ਮਹੀਨੇ ਦਾ ਸਮਾਂ ਬਚਿਆ ਏ ਪਰ ਕੋਈ ਵੀ ਖੱਬੀਖਾਨ ਦਾਵੇ ਨਾਲ ਨ੍ਹੀਂ ਕਹਿ ਸਕਦਾ ਕਿ ਕਿਹੜੀ ਪਾਰਟੀ ਸਰਕਾਰ ਬਣਾਵੇਗੀ। ਪਿੰਡਾਂ ਚ ਆਮ ਲੋਕ ਈ ਨਹੀਂ ਸਗੋਂ ਪੰਚ-ਸਰਪੰਚ ਤੇ ਸ਼ਹਿਰੀ ਆਗੂ ਵੀ ਸਾਰੀਆਂ ਪਾਰਟੀਆਂ ਚ ਲਿੰਕ ਬਣਾਈ ਬੈਠੇ ਨੇਂ ਤਾਂ ਜੋ ਚੋਣਾਂ ਦੇ ਜਮਾਂ ਲਾਗੇ ਛਾਲ ਮਾਰਨ ਚ ਦਿੱਕਤ ਨਾਂ ਆਵੇ। ਪੰਜਾਬ ਦੇ ਜਿਹੜੇ ਰਾਜਨੀਤਕ ਮਾਹਰਾਂ ਨੇ ਮਹੀਨਾ ਕੁ ਪਹਿਲਾਂ ਤੱਕ ਜਿਸ ਪਾਰਟੀ ਦੀ ਸਰਕਾਰ ਦੀ ਕਿਆਸਰਾਈ ਕੀਤੀ ਸੀ, ਹੁਣ ਤੁਰਤਾਫੁਰਤੀ ਚ ਆਪਣੇ ਬਿਆਨ ਬਦਲ ਰਹੇ ਨੇਂ। ਦਰਅਸਲ ਪੰਜਾਬ ਦੇ ਲੋਕ ਹਮੇਸ਼ਾਂ ਤੋਂ ਭਾਵੁਕ ਰਹੇ ਨੇਂ ਤੇ ਰਹਿਣਗੇ। ਦਿਮਾਗੋਂ ਘੱਟ ਤੇ ਦਿੱਲੋਂ ਵੱਧ ਸੋਚਣ ਦੀ ਪ੍ਰਵਿਰਤੀ ਕਾਰਨ ਅਸੀਂ ਜਿਸ ਨੂੰ ਸਿਰ ਦਾ ਤਾਜ ਬਣਾ ਲੈਂਦੇ ਆਂ, ਉਸੇ ਨੂੰ ਹੀ ਪਲਾਂ ਚ ਈ ਕੱਖਾਂ ਤੋਂ ਵੀ ਹੌਲਾ ਕਰ ਦਿੰਦੇ ਆਂ, ਜੇ ਨਹੀਂ ਯਕੀਨ ਤਾਂ ਸਾਡੇ ਪੰਜਾਬ ਦੇ ਸਭ ਤੋਂ ਮੰਨੇ-ਪ੍ਰਮੰਨੇ, ਪ੍ਰਸਿੱਧ ਤੇ ਸ਼ਾਨਦਾਰ ਪੰਜਾਬੀ ਗਾਇਕ ਦਾ ਹਾਲ ਵੇਖ ਲਵੋ।

ਅੱਜ ਦੇ ਯੁੱਗ ਚ ਰਾਜਨੀਤੀ ਪੂਰੀ ਤਰਾਂ ਨਾਲ ਧੰਦੇ ਚ ਤਬਦੀਲ ਹੋ ਚੁੱਕੀ ਹੈ। ਜਿਆਦਾਤਰ ਲੋਕ ਆਪਣੇ ਨਿਜੀ ਮੰਤਵਾਂ ਦੀ ਪੂਰਤੀ ਲਈ ਰਾਜਨੀਤੀ ਵਿੱਚ ਪ੍ਰਵੇਸ਼ ਕਰਦੇ ਨੇਂ। ਕਿਸੇ ਦਾ ਮੰਤਵ ਦੌਲਤ ਹੈ ਤਾਂ ਕਿਸੇ ਦਾ ਸ਼ੋਹਰਤ । ਕੋਈ ਵਿਚਾਰਧਾਰਾ ਨਹੀਂ, ਕੋਈ ਵਿਜ਼ਨ ਨਹੀਂ ਪਰ ਅੱਜ ਪੰਜਾਬ ਚ ਹਰੇਕ ਅਖੌਤੀ ਲੀਡਰ ਐਮ ਐਲ ਏ ਬਣਨ ਲਈ ਬਹੁਤ ਕਾਹਲਾ ਏ। ਇਸ ਸਮੇਂ ਦਲਬਦਲੀ ਦੀ ਫਸਲ ਪੂਰੀ ਤਰਾਂ ਪੱਕ ਕੇ ਤਿਆਰ ਏ, ਜਿੱਥੇ ਵੱਖ-ਵੱਖ ਰਾਜਨੀਤਕ ਪਾਰਟੀਆਂ ਇਹਨਾਂ ਲੀਡਰਾਂ ਰੂਪੀ ਫਸਲ ਨੂੰ ਆਪਣੀਆਂ-ਆਪਣੀਆਂ ਟਰਾਲੀਆਂ ਚ ਪੁਆਉਣ ਲਈ ਕਾਹਲੀਆਂ ਨੇਂ, ਉੱਥੇ ਈ ਮੌਕਾਪ੍ਰਸਤ ਲੀਡਰ ਵੀ ਪੱਗਾਂ ਦੇ ਰੰਗ ਬਦਲਣ ਲਈ ਪੱਬਾ ਭਾਰ ਨੇਂ। ਇਸ ਗੰਦੀ ਸਿਆਸਤ ਨਾਲ ਸਿਰਫ ਰਾਜਨੀਤਕ ਲੀਡਰ ਹੀ ਨਹੀਂ, ਵੱਡੀ ਗਿਣਤੀ ਚ ਅਸੀਂ ਆਮ ਲੋਕ ਵੀ ਆਪਣੇ ਸੌੜੇ ਹਿੱਤਾਂ ਨੂੰ ਪ੍ਰਮੁੱਖ ਰੱਖਣ ਕਾਰਨ ਭ੍ਰਿਸ਼ਟ ਹੋ ਚੁੱਕੇ ਹਾਂ। ਅਸੀਂ ਆਮ ਵੋਟਰ ਵੀ ਇਸ ਸਮੇਂ ਆਪਣੇ ਆਪ ਨੂੰ ਵਿਆਹ ਚ ਪ੍ਰਾਹੁਣੇ ਆਲੀ ਪੁਜੀਸ਼ਨ ਚ ਸਮਝ ਕੇ ਮੌਕੇ ਦਾ ਪੂਰਾ ਫ਼ਾਇਦਾ ਚੁੱਕਣ ਦੀ ਲਾਲਸਾ ਤਾਂ ਰੱਖਦੇ ਹਾਂ ਪਰ ਕੀ ਅਸੀਂ ਉਹ ਮੰਗ ਰਹੇ ਹਾਂ ਜਿਸ ਦੀ ਸਾਨੂੰ ਅਸਲੀਅਤ ਚ ਲੋੜ ਏ ?

ਮੌਜੂਦਾ ਸਮੇਂ ਜਿੱਥੇ ਰਾਜਨੀਤਕ ਦਲ ਥੋਕ ਚ ਅਹੁਦੇ ਵੰਡ, ਆਪਣੇ ਵਰਕਰਾਂ ਨੂੰ ਨਾਲ ਜੋੜੀ ਰੱਖਣ ਲਈ ਯਤਨਸ਼ੀਲ ਹਨ, ਉੱਥੇ ਹੀ ਕਿਸੇ ਨੂੰ ਅਸਲੇ ਦਾ ਲਾਇਸੈਂਸ ਮਿਲ ਰਿਹਾ ਏ, ਕਿਸੇ ਦੀ ਘਰ ਦੇ ਲਾਗੇ ਬਦਲੀ ਹੋ ਰਹੀ ਏ, ਕਿਸੇ ਦੀ ਗਲੀ ਬਣ ਰਹੀ ਹੈ ਤਾਂ ਕਿਸੇ ਦੀ ਨਾਲੀ, ਕੋਈ ਘਰ ਆਲਾ ਥੜਾ ਸਰਕਾਰੀ ਮਾਲ ਨਾਲ ਬਣਵਾ ਰਿਹਾ ਏ, ਕੋਈ ਔਰਤਾਂ ਆਲੇ 1000 ਰੁਪਈਆ ਮਹੀਨੇ ਆਲੇ ਫਾਰਮ ਭਰਵਾ ਰਿਹਾ ਏ ਤਾਂ ਕੋਈ ਆਪਣੇ ਘਰ ਮੂਹਰੇ ਸਰਕਾਰੀ ਸੀਮੇਂਟ ਆਲੇ ਬੈਂਚ ਰੱਖਵਾ ਰਿਹਾ ਏ, ਮੁੱਕਦੀ ਗੱਲ ਏ ਕਿ ਪੂਰਾ ਪੰਜਾਬ ਈ ਰੱਜ ਕੇ ਵਿਅਸਤ ਏ।

ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਪਰ ਸਾਢੇ ਕੁ ਚਾਰ ਸਾਲ ਤਾਂ ਖਜਾਨੇ ਦੀ ਮਾੜੀ ਸਥਿਤੀ ਦੇ ਨਾਮ ਤੇ ਸਭ ਕੁੱਝ ਰੋਕ ਕੇ ਈ ਰੱਖਿਆ ਈ ਜਾਂਦਾ ਹੈ ਪਰ ਅਖ਼ੀਰਲੇ ਕੁਝ ਕੁ ਮਹੀਨਿਆਂ ਚ ਪਤਾ ਨਹੀਂ ਕਿੱਥੋਂ ਪੈਸੇ ਦੀ ਵਰਖਾ ਹੁੰਦੀ ਏ, ਹਰੇਕ ਨੂੰ ਕੁੱਝ ਨਾਂ ਕੁੱਝ ਦੇ ਕੇ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਹੁੰਦੀ ਏ। ਜਿੱਥੇ ਹੁਣ ਸਾਰੀਆਂ ਈ ਪਾਰਟੀਆਂ ਕੋਲ ਪੰਜਾਬ ਲਈ ਹਰ ਤਰਾਂ ਦੇ ਐਲਾਨਾਂ ਦੀ ਭਰਮਾਰ ਏ, ਉੱਥੇ ਈ ਮੁਫਤ ਦੀ ਹਨੇਰੀ ਚ, ਲੋਕਾਂ ਵਿੱਚ ਵੀ ਵੱਧ ਤੋਂ ਵੱਧ ਤੇ ਮੁਫਤ ਸੁਵਿਧਾਵਾਂ ਪ੍ਰਾਪਤ ਕਰਨ ਦੀ ਖਤਰਨਾਕ ਤਾਂਘ ਵੱਧਦੀ ਹੀ ਜਾ ਰਹੀ ਹੈ।

ਹਾਂ, ਸਾਨੂੰ ਕੁੱਝ ਚੀਜ਼ਾਂ ਮੁਫਤ ਚਾਹੀਦੀਆਂ ਨੇ। ਸਾਨੂੰ ਮੁਫਤ ਵੰਡੋ ਸਿੱਖਿਆ, ਪਹਿਲੀ ਜਮਾਤ ਤੋਂ ਪੀ ਐਚ ਡੀ ਤੱਕ ਹਰੇਕ ਕੋਰਸ ਹੋਵੇ ਮੁਫਤ। ਸਾਨੂੰ ਮੁਫਤ ਵੰਡੋ ਇਲਾਜ਼, ਹਰੇਕ ਹਸਪਤਾਲ ਚ ਟਾਈਫਾਈਡ ਤੋਂ ਲੈ ਕੇ ਕੈਂਸਰ ਤੱਕ ਦਾ ਇਲਾਜ ਕਰੋ ਮੁਫਤ। ਸਾਨੂੰ ਮੁਫਤ ਵੰਡੋ ਸਰਕਾਰੀ ਰੁਜ਼ਗਾਰ, ਕਿਸੇ ਵੀ ਨੌਕਰੀ ਦੇ ਲਈ ਫਾਰਮ ਫੀਸ ਕਰੋ ਮੁਫਤ, ਹਰੇਕ ਪਿੰਡ ਚ ਖੋਲ ਦਿਓ ਸਰਕਾਰੀ ਮੁਫਤ ਲਾਇਬ੍ਰੇਰੀਆਂ, ਖੋਲੋ ਮੁਫਤ ਸਪੋਰਟਸ ਅਕੈਡਮੀਆਂ, ਜੇਕਰ ਇਹ ਸੁਵਿਧਾਵਾਂ ਮੁਫਤ ਮੁਹੱਈਆ ਹੋ ਜਾਣ ਤਾਂ ਭ੍ਰਿਸ਼ਟਾਚਾਰ ਤੇ ਵੀ ਲਗਾਮ ਲੱਗੇਗੀ ਤੇ ਵੱਧਦਾ ਜਾ ਰਿਹਾ ਆਰਥਿਕ ਪਾੜਾ ਵੀ ਘਟੇਗਾ। ਮੈਂ ਸਮੂਹ ਰਾਜਨੀਤਕ ਪਾਰਟੀਆਂ ਤੇ ਸਾਰੇ ਹੀ ਆਮ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਅਸਲ ਮੁੱਦੇ ਸਿੱਖਿਆ, ਸਿਹਤ ਤੇ ਰੁਜ਼ਗਾਰ ਹਨ। ਰਾਜਨੀਤੀ ਨੂੰ ਇੰਨਾਂ ਤਿੰਨ ਮੁੱਦਿਆਂ ਦੁਆਲੇ ਕੇਂਦਰਿਤ ਕਰਨ ਦੀ ਸਖਤ ਲੋੜ ਏ। ਸਿਹਤ, ਸਿੱਖਿਆ ਤੇ ਰੁਜ਼ਗਾਰ ਜੇਕਰ ਇਹ ਤਿੰਨ ਮਸਲੇ ਇਮਾਨਦਾਰੀ ਨਾਲ ਹੱਲ ਹੋ ਜਾਣ ਤਾਂ ਬਾਕੀ ਸਾਰੇ ਮਸਲੇ ਤਾਂ ਆਪਣੇ-ਆਪ ਈ ਨਿਬੜ ਜਾਣਗੇ।

# ਕਵੀਸ਼ਰੀ ਦਾ ਯੁੱਗ-ਪੁਰਸ਼ ਸੀ 'ਕਵੀਸ਼ਰ ਬਲਵੰਤ ਸਿੰਘ ਪਮਾਲ'

-ਸਵਰਨ ਸਿੰਘ ਸਿਵੀਆ-



ਬਲਵੰਤ ਸਿੰਘ ਪਮਾਲ

ਪੰਜਾਬੀ-ਕਾਵਿ ਵਿੱਚੋਂ ਕਵੀਸ਼ਰੀ ਕਲਾ ਦਾ ਇੱਕ ਅਪਣਾ ਹੀ ਨਿਵੇਕਲ਼ਾ ਸਥਾਨ ਹੈ ਜੋ ਸਾਡੇ ਪੁਰਖਿਆਂ ਨੇ ਪੀੜ੍ਹੀ ਦਰ ਪੀੜ੍ਹੀ ਪੂਰੀ ਇਖਲਾਕੀ ਜ਼ਿੰਮੇਵਾਰੀ 'ਤੇ ਖਾਨਦਾਨੀ ਪਹਿਰਾ ਦਿੰਦੇ ਹੋਇਆਂ ਪੂਰੀ ਪੁਖਤਗੀ ਅਤੇ ਇਮਾਨਦਾਰੀ ਨਾ਼ਲ ਬਿਨਾਂ ਕਿਸੇ ਸੰਸਥਾ ਦੇ ਦਿਸ਼ਾ-ਨਿਰਦੇਸ਼ ਦੇ ਭਲੀਭਾਂਤ ਸੰਭਾ਼ਲਕੇ ਰੱਖੀ ਹੈ ਜਿਸ ਵਿੱਚ ਪੰਜਾਬ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਭਗਤੀ-ਮਾਰਗ ਤੋਂ ਅੱਗੇ ਇਸ਼ਕ-ਮਜ਼ਾਜੀ ਦੇ ਕਿਸਿਆਂ ਤੋਂ ਲੈ ਕੇ ਦੇਸ਼-ਭਗਤੀ ਵਰਗੇ ਅਨੇਕਾਂ ਰੰਗਾਂ ਨਾ਼ਲ ਸਰਸ਼ਾਰ ਰਹੀ ਹੈ। ਕਵੀਸ਼ਰੀ ਪੰਜਾਬੀ ਲੋਕ-ਗਾਇਕੀ ਦਾ ਇੱਕ ਖ਼ਾਸ ਜੋਸ਼ੀਲਾ ਅੰਦਾਜ਼ ਹੈ ਜਿਸ ਵਿੱਚ ਕਿਸੇ ਕਿਸਮ ਦੇ ਸਾਜ਼ਾਂ ਦੀ ਕੋਈ ਵਰਤੋਂ ਨਹੀਂ ਕੀਤੀ ਜਾਂਦੀ ਬਲਕਿ ਗਾਇਕ ਹੀ ਸਾਜ਼ਾਂ ਦੀ ਘਾਟ ਨੂੰ ਪੂਰਾ ਕਰਦੇ ਹਨ। ਅਸਲ ਵਿੱਚ ਆਮ ਤੌਰ 'ਤੇ ਕਵੀਸ਼ਰੀ ਬਿਨਾਂ ਕਿਸੇ ਸੰਗੀਤਕ ਸਾਜ਼ ਤੋਂ ਗਾਈ ਜਾਂਦੀ ਹੈ। ਇਸ ਦਾ ਜਨਮ ਪੰਜਾਬ ਦੀ ਜ਼ਰਖੇਜ਼ ਮਾਲਵੇ ਦੀ ਧਰਤੀ 'ਤੇ ਹੋਇਆ। ਇੱਥੇ ਉੱਚੀ ਅਤੇ ਲਚਕਦਾਰ ਅਵਾਜ਼ ਵਿੱਚ ਛੰਦ-ਬੱਧ ਕਵਿਤਾ ਗਾਉਣ ਨੂੰ ਕਵੀਸ਼ਰੀ ਆਖਦੇ ਹਨ। ਜੋ ਆਦਮੀ ਕਵੀਸ਼ਰੀ ਲਿਖਦਾ ਜਾਂ ਗਾਉਂਦਾ ਹੈ ਉਸਨੂੰ ਕਵੀਸ਼ਰ ਆਖਦੇ ਹਨ। ਕਵੀਸ਼ਰੀ ਆਮ ਤੌਰ 'ਤੇ ਮੇਲਿਆਂ, ਦੀਵਾਨਾ, ਵਿਆਹਾਂ ਅਤੇ ਮਹਿਫ਼ਲਾਂ ਆਦਿ ਵਿੱਚ ਗਾਈ ਜਾਂਦੀ ਹੈ। ਕਵੀਸ਼ਰੀ ਨੂੰ ਜੋੜੀ ਦੇ ਰੂਪ 'ਚ ਗਾਇਆ ਜਾਂਦਾ ਹੈ।

ਜਦੋਂ ਵੀ ਪਮਾਲ਼, ਜ਼ਿਲ੍ਹਾ ਲੁਧਿਆਣਾ, ਦਾ ਜ਼ਿਕਰ ਚੱਲੇਗਾ ਤਾਂ ਦੋ ਗੁਰਸਿੱਖ ਚਿਹਰੇ ਅੱਖਾਂ ਦੇ ਸਾਹ-ਮਣੇ ਆਉਣਗੇ ਉਹ ਹਨ: ਕਵੀਸ਼ਰ ਬਲਵੰਤ ਸਿੰਘ ਪਮਾਲ਼ ਅਤੇ ਉਸ ਦਾ ਫਰਜੰਦ ਸਿਰਮੌਰ ਢਾਡੀ ਰਛਪਾਲ ਸਿੰਘ ਪਮਾਲ਼।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਦਾ ਜਨਮ 30 ਜੁਲਾਈ, 1930 ਨੂੰ ਲੁਧਿਆਣੇ ਸ਼ਹਿਰ ਦੇ ਲਹਿੰਦੇ ਪਾਸੇ ਵਸੇ ਪਿੰਡ ਪਮਾਲ਼ ਵਿਖੇ ਪਿਤਾ ਸ੍ਰ: ਬਚਨ ਸਿੰਘ ਅਤੇ ਮਾਤਾ ਸੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਸ੍ਰ: ਬਲਵੰਤ ਸਿੰਘ ਅਪਣੇ ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਆਪ ਸਕੂਲੀ ਵਿੱਦਿਆ ਸਿਰਫ਼ ਪੰਜ ਜਮਾਤਾਂ ਤੱਕ ਹੀ ਹਾਸਲ ਕਰ ਸਕੇ, ਪਰ ਆਪ ਜੀ ਦੀ ਮਾਤਾ ਸਰਦਾਰਨੀ ਸੰਤ ਕੌਰ ਜੀ ਨੇ ਆਪ ਜੀ ਨੂੰ ਸਾਧੂ-ਸੰਤਾਂ ਅਤੇ ਗੁਰੂਆਂ-ਪੀਰਾਂ ਦੀਆਂ ਸਾਖੀਆਂ ਸੁਣਾ ਕੇ ਆਪ ਜੀ ਦੇ ਅੰਦਰ ਪੰਜਾਬੀ ਕਿਸਾਕਾਰੀ ਦਾ ਇੱਕ ਅਜਿਹਾ ਜਾਗ ਲਗਾਇਆ ਕਿ ਆਪ ਜੀ ਦੇ ਅੰਦਰ ਪੰਜਾਬੀ ਕਵਿਤਾ ਇੱਕ ਝਰਨੇ ਵਾਂਗੂੰ ਫੁੱਟਣ ਲੱਗ ਪਈ। 'ਹੋਣਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ' - ਇਹ ਕਹਾਵਤ ਸ੍ਰ: ਬਲਵੰਤ ਸਿੰਘ ਪਮਾਲ਼ ਤੇ ਬਿਲਕੁੱਲ ਫਿੱਟ ਬੈਠਦੀ ਹੈ। ਸੋਨੇ 'ਤੇ ਸੁਹਾਗੇ ਵਾਲ਼ੀ ਇੱਕ ਗੱਲ ਇਹ ਹੋ ਗਈ ਕਿ ਆਪ ਜੀ ਦੇ ਦਾਦਾ ਜੀ ਵੀ ਗਾਉਂਦੇ ਸਨ, ਜਿਸ ਨਾਲ਼ ਆਪ ਜੀ ਦੇ ਅੰਦਰ ਪਿਤਾ-ਪੁਰਖੀ ਗਾਇਕੀ ਨੇ ਇੱਕ ਬੀਜ ਦੇ ਅੰਕੁਰ ਦਾ ਕੰਮ ਕੀਤਾ ਜਿਸ ਦੀ ਗਾਇਕੀ ਦੇ ਬੂਟੇ ਨੇ ਆਪ-ਮੁਹਾਰੇ ਪੰਖੜੀਆਂ ਕੱਢ ਲਈਆਂ ਸਨ ਜਿਸ ਦੀ ਸੁਚੱਜੀ ਦੇਖ-ਰੇਖ ਲਈ ਸ੍ਰ: ਬਲਵੰਤ ਸਿੰਘ ਪਮਾਲ਼ ਜੀ ਨੇ ਬਚਪਨ ਵਿੱਚ ਅਪਣੇ ਗੁਆਂਢੀ ਪਿੰਡ ਬੱਦੋਵਾਲ ਦੇ ਨਾਮਵਰ ਕਵੀਸ਼ਰ ਸ੍ਰ: ਅਜਾਇਬ ਸਿੰਘ ਜੀ ਨੂੰ ਅਪਣਾ ਉਸਤਾਦ ਧਾਰਨ ਕਰ ਲਿਆ ਅਤੇ ਉਨ੍ਹਾਂ ਦੇ ਨਾ਼ਲ ਹੀ ਕਵੀਸ਼ਰੀ ਵੀ ਗਾਉਣ ਲੱਗ ਪਏ।

ਸ੍ਰ: ਬਲਵੰਤ ਸਿੰਘ ਪਮਾਲ਼ ਅਪਣੀ ਸਿਰਫ਼ 15 ਸਾਲ ਦੀ ਉਮਰ ਵਿੱਚ ਅਪਣੇ ਉਸਤਾਦ ਸ੍ਰ: ਅਜਾਇਬ ਸਿੰਘ ਜੀ ਨੂੰ ਅਪਣੇ ਦੁਆਰਾ ਰਚਿਤ ਰਮਾਇਣ ਕਵੀਸ਼ਰੀ ਦੇ ਰੂਪ ਵਿੱਚ ਸੁਣਾਈ ਜਿਸ ਨੂੰ ਸੁਣਕੇ ਉਹ ਦੰਗ ਰਹਿ ਗਏ। ਉਸ ਤੋਂ ਬਾਅਦ ਪਮਾਲ਼ ਸਾਹਿਬ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਪਣੇ ਮਨ ਦੇ ਵਲਵਲਿਆਂ ਰਾਹੀਂ ਉਮਡ ਰਹੀ ਅਥਾਹ ਕਵਿਤਾ ਨੂੰ ਕੋਰੜੇ, ਦਵੱਈਏ, ਦੋਹਰੇ, ਬੈਂਤ, ਕਲੀ, ਡਿਉਢੇ, ਢਾਈਏ, ਕਾਫੀ, ਦੋਤਾਰਾ, ਜੰਗਲ਼ਾ, ਝੋਕ, ਟਰਲ, ਰੁਬਾਈ ਅਤੇ ਦੁੱਖ-ਹਰਨ ਛੰਦਾਂ ਵਿੱਚ ਦਬੋਚਣਾ ਸ਼ੁਰੂ ਕਰ ਦਿੱਤਾ। ਜਦੋਂ ਆਪ ਜੀ ਪਾਸ ਅਪਣੀਆਂ ਲਿਖੀਆਂ ਅਨੇਕਾਂ ਲੜੀਵਾਰ ਕਵੀਸ਼ਰੀਆਂ ਹੋ ਗਈਆਂ ਤਾਂ ਆਪ ਜੀ ਨੇ ਅਪਣੇ ਹੀ ਪਿੰਡ ਦੇ ਦੋ ਸੁਰੀਲੇ ਬੋਲਾਂ ਵਾਲ਼ੇ ਪਾਸ਼ੂ ਮੁੰਡਿਆਂ ਸ੍ਰ: ਗੁਰਦੇਵ ਸਿੰਘ ਅਤੇ ਸ੍ਰ: ਸਾਧੂ ਸਿੰਘ ਜੀ ਹੋਰਾਂ ਨੂੰ ਲੈ ਕੇ ਅਪਣਾ ਪਮਾਲ਼ ਵਾਲ਼ਾ ਕਵੀਸ਼ਰੀ ਜੱਥਾ ਬਣਾ ਲਿਆ। ਇਹ ਕਵੀਸ਼ਰੀ ਕਲਾ ਦਾ ਇੱਕ ਸੁਨਹਿਰੀ ਦੌਰ ਸੀ ਜਦੋਂ ਸਰੋਤੇ ਕਵੀਸ਼ਰਾਂ ਨੂੰ ਬਿਨਾਂ ਕਿਸੇ ਲਾਊਡ ਸਪੀਕਰ ਦੇ ਅਖਾੜੇ ਦੇ ਰੂਪ ਵਿੱਚ ਜ਼ਮੀਨ 'ਤੇ ਬਹਿ ਕੇ ਇੱਕ-ਮਨ ਇੱਕ-ਚਿੱਤ ਹੋ ਕੇ ਬੜੀ ਸ਼ਰਧਾ ਪੂਰਵਕ ਸੁਣਦੇ ਸਨ। ਕਵੀਸ਼ਰ ਬਲਵੰਤ ਸਿੰਘ ਜੀ ਨੇ ਜਦੋਂ ਅਪਣਾ ਕਵੀਸ਼ਰੀ ਜੱਥਾ ਸ਼ੁਰੂ ਕੀਤਾ ਸੀ ਉਨ੍ਹਾਂ ਵੇਲ਼ਿਆਂ ਵਿੱਚ ਪੰਜਾਬ ਦੇ ਨਾਮਵਰ ਕਵੀਸ਼ਰ ਕਰਨੈਲ ਸਿੰਘ ਪਾਰਸ (ਰਾਮੂੰਵਾਲੀਆ) ਅਤੇ ਰਣਜੀਤ ਸਿੰਘ ਸਿੱਧਵਾਂ ਦੇ ਢਾਡੀ ਜੱਥੇ ਨੇ ਕਵੀਸ਼ਰੀ ਦੇ ਖੇਤਰ ਵਿੱਚ ਨੇਹਰੀ ਲਿਆਂਦੀ ਪਈ ਸੀ ਅਤੇ ਦੋਆਬੇ ਦੇ ਖੇਤਰ ਵਿੱਚ ਜੋਗਾ ਸਿੰਘ ਜੋਗੀ ਜੀ ਦਾ ਕਵੀਸ਼ਰੀ ਜੱਥਾ ਯਤਨਸ਼ੀਲ ਸੀ। ਅਪਣੀ ਦਮਦਾਰ ਕਵੀਸ਼ਰੀ ਦੇ ਬੋਲਾਂ ਅਤੇ ਸੁਰੀਲੇ ਜੱਥੇ ਦੇ ਸਦਕਾ ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਨੇ ਕਵੀਸ਼ਰੀ ਦੇ ਰੰਗ ਵਿੱਚ ਅਪਣਾ ਵਿਲੱਖਣ ਮੁਕਾਮ ਬਣਾ ਲਿਆ। ਉਨ੍ਹਾਂ ਦਿਨਾਂ ਵਿੱਚ ਐੱਚ.ਐੱਮ.ਵੀ. (ਹਿਜ਼ ਮਾਸਟਰਜ਼ ਵਾਇਸ/ਕੁੱਤਾ ਮਾਰਕਾ) ਤੋਂ ਪ੍ਰਮਾਣਿਤ ਕਲਾਕਾਰ ਹੋਣਾ ਅਪਣੇ-ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੁੰਦੀ ਸੀ। ਕਵੀਸ਼ਰ ਬਲਵੰਤ ਸਿੰਘ ਪਮਾਲ਼ ਨੇ ਐੱਚ.ਐੱਮ.ਵੀ. ਕੰਪਨੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ, ਪੂਰਨ ਭਗਤ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ-ਸਹਿਬਾਂ ਅਤੇ ਹੀਰ ਰਾਂਝੇ ਦੇ ਪ੍ਰਸੰਗ ਰਿਕਾਰਡ ਕਰਵਾ ਕੇ ਕਵੀਸ਼ਰੀ ਦੇ ਖੇਤਰ ਵਿੱਚ ਅਪਣੇ ਕਵੀਸ਼ਰੀ ਜੱਥੇ ਦੇ ਨਾਮ ਦਾ ਇੱਕ ਤਹਿਲਕਾ ਮਚਾ ਦਿੱਤਾ ਸੀ।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਜੀ ਨੂੰ ਦੂਰਦਰਸ਼ਨ, ਦਿੱਲੀ ਤੋਂ ਕਵੀਸ਼ਰੀ ਰੰਗ ਵਿੱਚ ਦੇਸ਼-ਭਗਤੀ (ਸ਼ਹੀਦ ਭਗਤ ਸਿੰਘ) ਦੇ ਪ੍ਰਸੰਗ ਗਾਉਣ ਦਾ ਮਾਣ ਹਾਸਿਲ ਹੈ। ਆਪ ਜੀ ਦੇ ਜੱਥੇ ਨੇ ਜਲੰਧਰ ਦੂਰਦਰਸ਼ਨ ਤੋਂ ਅਨੇਕਾਂ ਵਾਰ ਅਪਣੀ ਕਵੀਸ਼ਰੀ ਦੀ ਕਲਾ ਦਾ ਲੋਹਾ ਮਨਵਾਇਆ ਹੈ। ਆਪ ਜੀ ਦੀ ਕਵੀਸ਼ਰੀ ਦੀ ਚੜ੍ਹਦੀਕਲਾ ਸਮੇਂ ਆਪ ਜੀ ਦੀ ਸ਼ਾਦੀ ਪਿੰਡ ਫਲੇਵਾਲ ਦੇ ਸ੍ਰ: ਬੰਤਾ ਸਿੰਘ ਜੀ ਦੀ ਬੇਟੀ ਸ੍ਰੀਮਤੀ ਮਹਿੰਦਰ ਕੌਰ ਜੀ ਨਾ਼ਲ ਹੋਈ। ਆਪ ਜੀ ਦੇ ਘਰ ਚਾਰ ਬੇਟੀਆਂ ਅਤੇ ਇੱਕ ਬੇਟੇ (ਅੱਜ ਦੇ ਪ੍ਰਸਿੱਧ ਢਾਡੀ ਸ੍ਰ: ਰਛਪਾਲ ਸਿੰਘ ਪਮਾਲ਼) ਨੇ ਜਨਮ ਲਿਆ।

ਕਵੀਸ਼ਰ ਬਲਵੰਤ ਸਿੰਘ ਪਮਾਲ਼ ਜੀ ਨੇ ਕਈ ਮਹਾ-ਕਾਵਿ ਵੀ ਲਿਖਕੇ ਪੰਜਾਬੀ ਮਾਂ-ਬੋਲੀ ਦੀ ਝੋ਼ਲੀ ਵਿੱਚ ਪਾ ਕੇ ਅਪਣੀ ਮਾਂ-ਬੋਲੀ ਨੂੰ ਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ ਜਿਨ੍ਹਾਂ ਉੱਪਰ ਕਈ ਖੋਜ ਪੱਤਰਾਂ ਦੇ ਅਧਾਰ 'ਤੇ ਥੀਸਿਜ਼ ਲਿਖੇ ਜਾ ਸਕਦੇ ਹਨ।

ਪੰਜਾਬ ਦਿਆਂ ਮੇਲਿਆਂ, ਤੀਰਥ ਅਸਥਾਨਾਂ ਅਤੇ ਵਿਆਹ-ਸ਼ਾਦੀਆਂ 'ਤੇ ਕੋਈ ਚਾਰ ਦਹਾਕੇ ਅਪਣੀ ਕਵੀਸ਼ਰੀ ਦੀਆਂ ਮਿੱਠੀਆਂ ਸੁਰਾਂ ਨੂੰ ਪੰਜਾਬ ਦੀ ਫਿਜ਼ਾ ਵਿੱਚ ਬਿਖੇਰਦਾ ਹੋਇਆ ਇਹ ਮਾਣ-ਮੱਤਾ ਸ਼੍ਰੋਮਣੀ ਕਵੀਸ਼ਰ ਬਲਵੰਤ ਸਿੰਘ ਪਮਾਲ਼ ਮਿਤੀ 13 ਦਸੰਬਰ, 1988 ਨੂੰ ਪਿੰਡ ਖੋਸਾ ਪਾਂਡੋ (ਮੋਗਾ)ਵਿੱਚ ਪੂਰਾ ਦਿਨ ਨਗਰ-ਕੀਰਤਨ ਵਿੱਚ ਅਪਣੇ ਕਵੀਸ਼ਰੀ-ਜੱਥੇ ਨਾ਼ਲ

ਸੇਵਾਵਾਂ ਨਿਭਾਅ ਕੇ ਸ਼ਾਮ ਦੇ ਅੱਠ ਵਜੇ ਅਪਣੇ ਪਿੰਡ ਦੇ ਪਾਸ਼ੂ ਸਾਥੀਆਂ ਨਾ਼ਲ 35 ਸਾਲ ਦਾ ਲੰਬਾ ਅਰਸਾ ਸਾਥ ਨਿਭਾ ਕੇ ਅਪਣੇ ਪਰਿਵਾਰ ਅਤੇ ਕਵੀਸ਼ਰੀ ਕਲਾ ਦੇ ਸ਼ੁਦਾਈ ਸਮੂਹ ਸਰੋਤਾ-ਜਨ ਨੂੰ ਆਖਰੀ ਗੁਰ-ਫਤਹਿ ਗੁਜ਼ਾਰ ਕੇ ਨੂਰਾਨੀ ਜੋਤ ਵਿੱਚ ਬ੍ਰਹਮਲੀਨ ਹੋ ਗਏ।

ਰਛਪਾਲ ਸਿੰਘ ਪਮਾਲ਼ ਸਾਹਿਬ ਸ਼੍ਰੋਮਣੀ ਕਵੀਸ਼ਰ ਬਲਵੰਤ ਸਿੰਘ ਪਮਾਲ਼ ਸਾਹਿਬ ਜੀ ਇਕਲੌਤੇ ਸਪੁੱਤਰ ਹਨ ਜੋ ਢਾਡੀ ਕਲਾ ਦੀ ਛੰਦਾਬੰਦੀ ਵਾ਼ਲੀ ਪੁਰਾਤਨ ਪਰੰਪਰਾ ਨੂੰ ਦੁਨੀਆਂ ਦੇ ਕੋਨੇ-ਕੋਨੇ ਬਹੁਤ ਹੀ ਮਿਹਨਤ ਨਾਲ ਪਹੁੰਚਾ ਰਹੇ ਹਨ।

## ਹਲਕਾ ਫੁਲਕਾ



ਇੱਕ ਸ਼ਰਾਬੀ ਛੱਤ ਤੋਂ ਹੇਠਾਂ ਡਿੱਗ ਪਿਆ, ਸਭ ਲੋਕ ਭੱਜੇ ਆਏ ਅਤੇ ਪੁੱਛਣ ਲੱਗੇ, ''ਭਰਾ ਕੀ ਹੋਇਆ?''
ਸ਼ਰਾਬੀ, ''ਪਤਾ ਨਹੀਂ ਜੀ, ਮੈਂ ਵੀ ਅਜੇ ਹੇਠਾਂ ਆਇਆ ਹੀ ਹਾਂ।''

*******

ਪੱਪੂ ਆਪਣੀ ਪਤਨੀ ਨਾਲ ਸਟੇਸ਼ਨ ਉੱਤੇ ਟਰੇਨ ਦਾ ਇੰਤਜ਼ਾਰ ਕਰ ਰਿਹਾ ਸੀ, ਉਦੋਂ ਇੱਕ ਗੱਡੀ ਆਈ, ਜਿਸ ਉੱਤੇ ਲਿਖਿਆ ਸੀ 'ਬੌਂਬੇ ਮੇਲ'।
ਪੱਪੂ ਭੱਜ ਕੇ ਟਰੇਨ ਵਿੱਚ ਚੜ੍ਹ ਗਿਆ ਤੇ ਆਪਣੀ ਪਤਨੀ ਨੂੰ ਬੋਲਿਆ, ''ਜਦੋਂ 'ਬੌਂਬੇ ਫੀਮੇਲ' ਆਵੇਗੀ, ਤੂੰ ਉਸ ਵਿੱਚ ਆ ਜਾਵੀਂ।''

*******

ਸਕੂਟਰ ਵਿੱਚ ਤੇਲ ਭਰਾਉਣ ਗਏ ਰਾਜੂ ਨੇ ਉਥੇ ਲਿਖਿਆ ਦੇਖਿਆ, ''ਕਿਰਪਾ ਕਰ ਕੇ ਮੋਬਾਈਲ ਦੀ ਵਰਤੋਂ ਨਾ ਕਰੋ।'' ਰਾਜੂ ਨੇ ਤੁਰੰਤ ਮੋਬਾਈਲ ਕੱਢਿਆ ਤੇ ਸਾਰਿਆਂ ਨੂੰ ਫੋਨ ਕੀਤਾ, ''ਯਾਰ ਕਾਲ ਨਾ ਕਰਨਾ। ਮੈਂ ਪੈਟਰੋਲ ਪੰਪ ਉੱਤੇ ਹਾਂ।''

# ਬੀਬੀ ਭੱਠਲ ਦਾ ਸ਼ਿਕਵਾ, ਕੈਪਟਨ ਨੂੰ ਕਾਂਗਰਸ ਵਿੱਚ ਮੈਂ ਲਿਆਈ, ਪਰ ਉਹ ਮੈਨੂੰ ਸਦਾ ਹਰਾਉਣ ਲੱਗਾ ਰਿਹਾ



ਲਹਿਰਾਗਾਗਾ, 12 ਦਸੰਬਰ (ਪੋਸਟ ਬਿਊਰੋ)- ਪੰਜਾਬ ਦੀਸਾਬਕਾ ਮੁੱਖ ਮੰਤਰੀ ਤੇ ਪੰਜਾਬ ਪਲਾਨਿੰਗ ਬੋਰਡ ਦੀ ਵਾਈਸ ਚੇਅਰਪਰਸਨ ਬੀਬੀ ਰਾਜਿੰਦਰ ਕੌਰ ਭੱਠਲ ਦਾ ਕਹਿਣਾ ਹੈ ਕਿ 'ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸਾਰੇ ਪੰਜਾਬ ਵਿੱਚ ਕਾਂਗਰਸ ਦੇ ਹੱਕ ਵਿੱਚ ਹਵਾ ਚੱਲ ਰਹੀ ਹੈ, ਪਰ ਭਾਜਪਾ, ਅਕਾਲੀ ਦਲ ਦੇ ਧੜੇ ਅਤੇ ਕੈਪਟਨ ਅਮਰਿੰਦਰ ਸਿੰਘ ਕਿਸਾਨੀ ਅੰਦੋਲਨ ਅਤੇ ਇਸ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀਆਂ ਸ਼ਹੀਦੀਆਂ ਉੱਤੇ ਸੱਤਾ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਨੂੰ ਪੰਜਾਬ ਦੀ ਜਨਤਾ ਬਰਦਾਸ਼ਤ ਨਹੀਂ ਕਰੇਗੀ।''

ਆਪਣੇ ਗ੍ਰਹਿ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੀਬੀ ਭੱਠਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੈਂ ਖੁਦ ਕਾਂਗਰਸ ਵਿੱਚ ਲੈ ਕੇ ਆਈ ਸੀ, ਪਰ ਉਨ੍ਹਾਂ ਨੇ ਮੈਨੂੰ ਹਰ ਚੋਣ ਵਿੱਚ ਹਰਾਉਣ ਲਈ ਵਿਰੋਧੀ ਨੇਤਾਵਾਂ ਦੇ ਨਾਲ ਡੀਲ ਕੀਤੀ। ਉਨ੍ਹਾਂ ਭੇਦ ਖੋਲ੍ਹਿਆ ਕਿ ਕੁਝ ਪਾਵਰਫੁੱਲ ਲੋਕਾਂ ਨੇ ਉਨ੍ਹਾਂ (ਭੱਠਲ) ਨੂੰ ਮਰਵਾਉਣ ਦੀ ਸਾਜ਼ਿਸ਼ ਵੀ ਰਚੀ ਸੀ, ਗੁਪਤ ਸੂਚਨਾ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੀ ਸਾਜ਼ਿਸ਼ ਜਾਂ ਧਮਕੀਆਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਹਲਕੇ ਅਤੇ ਪੰਜਾਬ ਦੇ ਲੋਕਾਂ ਦੀ ਰੱਖਿਆ ਕੀਤੀ ਅਤੇ ਆਪਣੇ ਬੇਟੇ ਨੂੰ ਕਾਲੀ ਵਰਦੀ ਪਹਿਨਾ ਕੇ ਖਾੜਕੂਵਾਦ ਦੇ ਵਿਰੁੱਧ ਲੜਾਈ ਲੜੀ, ਪਰ ਅੱਜ ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਦੇ ਇਕੱਠੇ ਹੋਣ ਨਾਲ ਬਿੱਲੀ ਥੈਲਿਓਂ ਬਾਹਰ ਆ ਚੁੱਕੀ ਹੈ ਅਤੇ ਇਨ੍ਹਾਂ ਦਾ ਪੰਜਾਬ ਅਤੇ ਕਿਸਾਨ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।ਕਿਸਾਨ ਅੰਦੋਲਨ ਦੌਰਾਨ ਸੱਤ ਸੌ ਕਿਸਾਨਾਂ ਦੀਆਂ ਸ਼ਹੀਦੀਆਂ ਲਈ ਮੋਦੀ ਨੂੰ ਜ਼ਿੰਮੇਵਾਰ ਦੱਸਦਿਆਂ ਬੀਬੀ ਭੱਠਲ ਨੇ ਕਿਹਾ ਕਿ ਮੋਦੀ ਵੱਲੋਂ ਪੰਜਾਬ ਦੇ ਕਿਸਾਨਾਂ ਤੇ ਪੰਜਾਬੀਆਂ ਉੱਤੇ ਕੀਤਾ ਜ਼ੁਲਮ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਪਰਮਿੰਦਰ ਸਿੰਘ ਢੀਂਡਸਾ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੇ ਸੱਤਾ ਵਿੱਚ ਰਹਿੰਦਿਆਂ ਵੀ ਹਲਕੇ ਦਾ ਕੋਈ ਵਿਕਾਸ ਨਹੀਂ ਕਰਵਾਇਆ ਅਤੇ ਉਨ੍ਹਾਂ ਵਿਰੁੱਧ 14 ਕਰੋੜ 68 ਲੱਖ ਰੁਪਏ ਘਪਲੇ ਦਾ ਕੇਸਵੀ ਨਿਕਲ ਪਿਆ ਹੈ, ਜਿਸ ਦੀਸ਼ਿਕਾਇਤ ਵਿਜੀਲੈਂਸ ਨੂੰ ਕੀਤੀ ਜਾਵੇਗੀ, ਕਿਉਂਕਿ ਭ੍ਰਿਸ਼ਟਾਚਾਰ ਨਾਲ ਢੀਂਡਸਾ ਪਰਵਾਰ ਤਿੰਨ ਏਕੜ ਤੋਂ 300 ਏਕੜ ਦਾ ਮਾਲਕ ਬਣ ਗਿਆ ਹੈ। ਇਹ ਮੀਟਿੰਗ ਬੀਬੀ ਭੱਠਲ ਵੱਲੋਂ ਚੋਣਾਂ ਦੀ ਸ਼ੁਰੂਆਤ ਸਮਝੀ ਜਾ ਰਹੀ ਹੈ।

## ਨਵਜੋਤ ਸਿੱਧੂ ਦਾ ਦਾਅਵਾ:

# ਮੈਂ ਹੋਮ ਮਨਿਸਟਰ ਹੁੰਦਾ ਤਾਂ ਬਾਦਲਾਂ ਨੂੰ ਚਾਰ ਦਿਨਾਂ ਵਿੱਚ ਅੰਦਰ ਕਰ ਦਿੰਦਾ



ਅੰਮ੍ਰਿਤਸਰ, 12 ਦਸੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਸਮਝ ਹੈ ਕਿ ਪੰਜਾਬ ਜਿੰਨਾ ਕਰਜ਼ੇ ਦੇ ਸੰਕਟ ਵਿੱਚ ਫਸ ਚੁੱਕਾ ਹੈ, ਇਸ ਨੂੰ 2022 ਵਿੱਚ ਕਾਂਗਰਸ ਦੀ ਦੁਬਾਰਾ ਸਰਕਾਰ ਬਣਨ ਪਿੱਛੋਂ ਪੰਜਾਬ ਮਾਡਲ ਲਾਗੂ ਕਰ ਕੇ ਇਸ ਸੰਕਟ ਵਿੱਚੋਂ ਬਾਹਰ ਕੱਢਿਆ ਜਾ ਸਕੇਗਾ।

'ਮਿਸ਼ਨ 2022' ਦੀ ਕਾਮਯਾਬੀ ਲਈ ਕਾਂਗਰਸ ਪਾਰਟੀ ਵੱਲੋਂ ਹਲਕਾ ਬਾਬਾ ਬਕਾਲਾ ਲਈ ਕਾਂਗਰਸੀ ਟਿਕਟ ਦੇ ਵੱਡੇ ਦਾਅਵੇਦਾਰ ਸਤਿੰਦਰਜੀਤ ਸਿੰਘ ਛੱਜਲਵੱਡੀ ਦੇ ਹੱਕ ਵਿੱਚ ਕੱਲ੍ਹ ਰਈਆ ਵਿੱਚ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਡਿੰਪਾ ਦੀ ਅਗਵਾਈ ਹੇਠ ਕੀਤੀ ਕਾਨਫਰੰਸ ਨੂੰ ਸੰਬੋਧਨ ਕਰਦਿਆਂਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਾਰ ਸਤਿੰਦਰਜੀਤ ਸਿੰਘ ਛੱਜਲਵੱਡੀ ਵਰਗੇ ਇਮਾਨਦਾਰ ਬੰਦੇ ਸਰਕਾਰ ਦਾ ਹਿੱਸਾ ਬਣਾਵਾਂਗੇ। ਇਸ ਮੌਕੇ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ, ਫਤਿਹਜੰਗ ਸਿੰਘ ਬਾਜਵਾ, ਨਵਤੇਜ ਸਿੰਘ ਚੀਮਾ (ਦੋਵੇਂ ਵਿਧਾਇਕ) ਨੇ ਵੀ ਸੰਬੋਧਨ ਕੀਤਾ। ਨਵਜੋਤ ਸਿੰਘ ਸਿੱਧੂ ਨੇ ਇਹਗਿਲਾ ਕੀਤਾ ਕਿ "ਮੈਨੂੰ ਕੇਵਲ ਪਾਰਟੀ ਪ੍ਰਧਾਨ ਬਣਾਇਆ ਗਿਆ ਹੈ, ਜਿਸ ਕੋਲ ਸੈਕਟਰੀ ਤੇ ਮੈਂਬਰ ਥਾਪਣ ਦੀ ਤਾਕਤ ਹੁੰਦੀ ਹੈ, ਮੇਰੇ ਕੋਲੋਂ ਉਹ ਤਾਕਤ ਵੀ ਖੋਹੀ ਜਾ ਰਹੀ ਹੈ। ਮੈਂ ਹੋਮ ਮਨਿਸਟਰ ਹੁੰਦਾ ਤਾਂ ਕੁਝ ਦਿਨਾਂ ਵਿੱਚ ਬਾਦਲਾਂ ਨੂੰ ਅੰਦਰ ਕਰ ਦਿੰਦਾ। ਕੁਝ ਕੀਤੇ ਬਿਨਾਂ ਲੋਕ ਤੁਹਾਡੇ ਨਾਲ ਕਿਵੇਂ ਚੱਲਣਗੇ?" ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਮਾਡਲ ਦੀ ਵਿਆਖਿਆ ਕਰਦਿਆਂ ਕਿਹਾ ਕਿ ਪੰਜਾਬ ਦੇ ਸਿਰ ਤਿੰਨ ਲੱਖ ਕਰੋੜ ਰੁਪਏ ਕਰਜ਼ਾ ਤੇ ਇੱਕ ਲੱਖ ਚਾਲੀ ਹਜ਼ਾਰ ਕਰੋੜ ਰੁਪਏ ਸਾਲਾਨਾ ਖਰਚਾ ਹੈ। ਉਨ੍ਹਾਂ ਕਿਹਾ ਕਿ ਪੰਝੀ ਹਜ਼ਾਰ ਕਰੋੜ ਪਿਛਲੇ ਕਰਜ਼ੇ ਦਾ ਵਿਆਜ ਦੇਣ ਉੱਤੇਲੱਗ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਸ਼ਨ ਬਣਾ ਕੇ ਸ਼ਰਾਬ ਤੇ ਰੇਤ ਦੀ ਵਿਕਰੀ ਦਾ ਕਾਰੋਬਾਰ ਸਰਕਾਰ ਆਪਣੇ ਹੱਥ ਲਵੇਗੀ ਤਾਂ ਪ੍ਰਾਈਵੇਟ ਸੈਕਟਰ ਦੀਆਂ ਜੇਬਾਂ ਵਿੱਚ ਜਾਂਦੀ ਰਕਮ ਤੇ ਬਾਕੀ ਚੋਰ ਮੋਰੀਆਂ ਬੰਦ ਕਰਨ ਨਾਲ ਸਾਰਾ ਪੈਸਾ ਸਰਕਾਰੀ ਖਜ਼ਾਨੇ ਵਿੱਚ ਆਵੇਗਾ ਤੇ ਸਰਕਾਰ ਦੀ ਆਮਦਨ ਵਧੇਗੀ। ਉਨ੍ਹਾਂ ਕਿਹਾ ਕਿ ਜਿਵੇਂ ਬਾਬੇ ਨਾਨਕ ਦੀ ਕ੍ਰਿਪਾ ਨਾਲ ਅਸੀਂ ਕਰਤਾਰਪੁਰ ਕਾਰੀਡੋਰ ਖੋਲ੍ਹਣ ਵਿੱਚ ਸਫਲ ਹੋਏ ਹਾਂ, ਇਸੇ ਤਰ੍ਹਾਂ ਉਸ ਦੀ ਕ੍ਰਿਪਾ ਨਾਲ ਅਸੀਂ ਪੰਜਾਬ ਨੂੰ ਵੀ ਇਸ ਸੰਕਟ ਵਿੱਚੋਂ ਬਾਹਰ ਕੱਢਣ ਵਿੱਚ ਕਾਮਯਾਬ ਹੋਵਾਂਗੇ।

# ਮਾਂ ਨੇ ਹੀ ਆਪਣਾ ਪੁੱਤਰ ਕਿਡਨੈਪ ਕਰਾਇਆ ਨਿਕਲਿਆ

ਹੁਸ਼ਿਆਰਪੁਰ, 12 ਦਸੰਬਰ (ਪੋਸਟ ਬਿਊਰੋ)- ਦਸੂਹਾ ਥਾਣੇ ਦੇ ਪਿੰਡ ਬਹਿਬੋਵਾਲ ਛੰਨੀਆਂ ਦੇ ਇੱਕ ਘਰ ਤੋਂ ਬਜ਼ੁਰਗ ਦਾਦੀ ਦੇ ਸਾਹਮਣੇ ਕੁਝ ਲੋਕਾਂ ਨੇ ਉਸ ਦੇ 9 ਸਾਲ ਦੇ ਪੋਤਰੇ ਬਲਨੂਰ ਸਿੰਘ ਨੂੰ ਕਿਡਨੈਪ ਕਰ ਲਿਆ। ਇਸ ਕੇਸ ਵਿੱਚ ਪੁਲਸ ਨੇ ਬਜ਼ੁਰਗ ਔਰਤ ਦੇ ਬਿਆਨ ਉੱਤੇ ਕਿਡਨੈਪ ਹੋਏ ਬੱਚੇ ਦੀ ਮਾਤਾ ਹਰਮੀਤ ਕੌਰ ਅਤੇ ਉਸ ਦੇ ਦੋਸਤ ਰਣਵੀਰ ਸਿੰਘ ਸਮੇਤ ਪੰਜ ਅਣਪਛਾਤਿਆਂ ਉੱਤੇ ਕੇਸ ਦਰਜ ਕੀਤਾ।

ਕੱਲ੍ਹ ਕਿਡਨੈਪਿੰਗ ਕੇਸ ਵਿੱਚ ਨਾਮਜ਼ਦ ਹਰਮੀਤ ਕੌਰ ਨੇ ਬੇਟੇ ਦੇ ਨਾਲ ਵੀਡੀਓ ਵਾਇਰਲ ਕਰ ਕੇ ਕਿਹਾ ਕਿ ਉਸ ਦਾ ਬੇਟਾ ਬਲਨੂਰ ਉਸ ਕੋਲ ਹੈ ਅਤੇ ਸਹੀ ਸਲਾਮਤ ਹੈ, ਪੁਲਸ ਦੂਸਰੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ। ਵੀਡੀਓ ਵਿੱਚ ਬਲਨੂਰ ਆਪਣਾ ਨਾਂਅ ਦੱਸਦਾ ਕਹਿ ਰਿਹਾ ਹੈ ਕਿ ਉਹ ਆਪਣੀ ਮਾਂ ਕੋਲ ਹੈ ਅਤੇ ਸੁਰੱਖਿਅਤ ਹੈ, ਮੇਰੇ ਦਾਦੀ ਅਤੇ ਡੈਡੀ ਮੈਨੂੰ ਮੇਰੀ ਮਾਂ ਨੂੰ ਮਿਲਣ ਨਹੀਂ ਦਿੰਦੇ ਸਨ ਅਤੇ ਅੱਜ ਮੈਂ ਆਪਣੀ ਮਾਂ ਕੋਲ ਹਾਂ। ਦੂਸਰੇ ਪਾਸੇ ਦਾਦਕਾ ਪਰਵਾਰ ਨੇ ਕਿਹਾ ਕਿ ਉਨ੍ਹਾਂ ਦੇ ਬੇਟੇ ਦੀ ਜਾਨ ਖਤਰੇ ਵਿੱਚ ਹੈ, ਵਾਇਰਲ ਹੋਈ ਵੀਡੀਓ ਬੱਚੇ ਨੂੰ ਡਰਾ ਧਮਕਾ ਕੇ ਬਣਾਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਪੁਲਸ ਜਲਦੀ ਉਨ੍ਹਾਂ ਦਾ ਬੇਟਾ ਵਾਪਸ ਲਿਆਏ। ਏ ਐਸ ਆਈ ਰਾਜਿੰਦਰ ਸਿੰਘ ਨੇ ਕਿਹਾ ਕਿ ਬੇਟੇ ਦੇ ਮਾਤਾ-ਪਿਤਾ ਵਿੱਚ ਤਲਾਕ ਅਤੇ ਬੱਚੇ ਦੀ ਕਸਟਡੀ ਦਾ ਕੇਸ ਚੱਲਦਾ ਹੈ। ਹਰਮੀਤ ਕੌਰ ਇੱਕ ਵਾਰ ਵੀ ਕੋਰਟ ਵਿੱਚ ਨਹੀਂ ਆਈ। ਉਸ ਨੇ ਬੱਚੇ ਨੂੰ ਕਿਡਨੈਪ ਕਰ ਕੇ ਆਪਣੇ ਕੋਲ ਲੈ ਜਾਣ ਦਾ ਜੋ ਇਹ ਰਾਹ ਚੁਣਿਆ ਹੈ, ਉਹ ਗੈਰ ਕਾਨੂੰਨੀ ਹੈ, ਜਿਸ 'ਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਪੁਲਸ ਨੇ ਪਰਚਾ ਦਰਜ ਕੀਤਾ ਹੈ।

# ਬਹੁਤੀਆਂ ਕਿਸਾਨ ਜਥੇਬੰਦੀਆਂ ਸਿਆਸਤ ਤੋਂ ਦੂਰੀ ਦੇ ਪੱਖ ਵਿੱਚ

ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੇ ਖਿਲਾਫ ਕਿਸਾਨ ਮੋਰਚੇ ਦੀ ਜਿੱਤ ਤੋਂ ਬਾਅਦ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿੱਚ ਸਿਆਸੀ ਖੇਤਰ ਵਿੱਚ ਰੋਲ ਬਾਰੇ ਚਰਚਾ ਸ਼ੁਰੂ ਹੋ ਗਈ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਕਈ ਆਗੂਆਂ ਨੇ ਸੰਕੇਤ ਦਿੱਤਾ ਹੈ ਕਿ ਸਿਆਸਤ ਬਾਰੇ ਉਨ੍ਹਾਂ ਵਿੱਚ ਮਤਭੇਦ ਹਨ।



ਮਿਲੀ ਜਾਣਕਾਰੀ ਅਨੁਸਾਰ ਪ੍ਰਮੁੱਖ ਕਿਸਾਨ ਜਥੇਬੰਦੀਆਂ ਵਿੱਚੋਂ ਬਹੁਤੀਆਂ, ਜਿਨ੍ਹਾਂਦਾ ਤਕੜਾ ਆਧਾਰ ਵੀ ਹੈ,ਉਹ ਸਿਆਸਤ ਕਰਨ ਦੇ ਵਿਰੁੱਧ ਹਨ। ਕਮਿਊਨਿਸਟ ਸੋਚ ਵਾਲੀ ਜਥੇਬੰਦੀਆਂ ਬਾਰੇ ਗੱਲ ਪਹਿਲਾਂ ਹੀ ਸਾਫ ਹੈ ਕਿਉਂਕਿ ਇਹ ਪਾਰਟੀਆਂ ਤਾਂ ਪਹਿਲਾਂ ਹੀ ਚੋਣਾਂ ਲੜਦੀਆਂ ਹਨ। ਬਲਬੀਰ ਸਿੰਘ ਰਾਜੇਵਾਲ ਤੇ ਅਜਮੇਰ ਸਿੰਘ ਲੱਖੋਵਾਲ ਦੀਆਂ ਕਿਸਾਨ ਯੂਨੀਅਨਾਂ ਦੀ ਸਥਿਤੀ ਹਾਲੇ ਸਪੱਸ਼ਟ ਨਹੀਂ ਕਿ ਕੀ ਫੈਸਲਾ ਲੈਣਗੀਆਂ। ਇਨ੍ਹਾਂ ਦਾ ਪਿਛਲੇ ਸਮਿਆਂ ਵਿੱਚ ਸਿਆਸੀ ਦਲਾਂ ਨਾਲ ਕੁਝ ਨਾ ਕੁਝ ਸੰਪਰਕਰਿਹਾ ਹੈ। ਵੱਡੀਆਂ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਦਿਆਂ ਸਿਆਸਤ ਤੋਂ ਦੂਰ ਰਹਿਣ ਦਾ ਐਲਾਨ ਕਰ ਦਿੱਤਾ ਹੈ। ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਜੇ ਕੋਈ ਕਿਸਾਨ ਜਥੇਬੰਦੀ ਸਿਆਸਤ ਵਿੱਚ ਗਈ ਤਾਂ ਉਹ ਉਸ ਦਾ ਵਿਰੋਧ ਕਰਨਗੇ। ਉਨ੍ਹਾਂ ਦੀ ਯੂਨੀਅਨ ਦੀ ਟੇਕ ਲੋਕ ਸੰਘਰਸ਼ਾਂ ਦੇ ਦਬਾਅ ਰਾਹੀਂ ਮਸਲੇ ਹੱਲ ਕਰਵਾਉਣ ਵੱਲ ਹੈ ਤੇ ਅਜੇ ਕਿਸਾਨਾਂ ਦੀ ਕਰਜ਼ਾ ਮੁਕਤੀ ਤੇ ਲਾਹੇਵੰਦ ਭਾਅ ਦੀ ਲੜਾਈ ਲੰਮੀ ਹੈ, ਜੋ ਮੌਜੂਦਾ ਸਿਸਟਮ ਵਿੱਚ ਸ਼ਾਮਲ ਹੋ ਕੇ ਨਹੀਂ ਜਿੱਤੀ ਜਾ ਸਕਦੀ।

ਵਰਨਣ ਯੋਗ ਹੈ ਕਿ ਉਗਰਾਹਾਂ ਮਾਲਵਾ ਖੇਤਰ ਦੀ ਸਭ ਤੋਂ ਵੱਡੀ ਜਥੇਬੰਦੀ ਹੈ। ਮਾਝਾ ਖੇਤਰ ਵਿੱਚ ਵੱਡਾ ਆਧਾਰ ਰੱਖਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਰਾਏ ਹੈ ਕਿ ਉਨ੍ਹਾਂ ਦਾ ਆਰਥਿਕ ਮੰਗਾਂ ਦਾ ਸੰਘਰਸ਼ ਸਿਰਫ ਪੰਜਾਬ ਵਿੱਚ ਕਿਸਾਨਾਂ ਦੀ ਸਰਕਾਰ ਬਣਾ ਕੇ ਹਾਸਲ ਨਹੀਂ ਹੋਣਾ, ਪੂਰੇ ਦੇਸ਼ ਵਿੱਚ ਕਿਸਾਨਾਂ ਦੀ ਸ਼ਕਤੀ ਨਾਲ ਹੀ ਜਿੱਤਿਆ ਜਾ ਸਕਦਾ ਹੈ। ਮਾਲਵੇ ਦੀ ਇੱਕ ਹੋਰ ਪ੍ਰਮੁੱਖ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਸਪੱਸ਼ਟ ਕਿਹਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਸਿਆਸਤ ਵਿੱਚ ਨਹੀਂ ਆਵੇਗੀ ਤੇ ਨਾ ਕਿਸੇ ਸਿਆਸੀ ਪਾਰਟੀ ਦੀ ਹਮਾਇਤ ਕਰੇਗੀ। ਕਿਸਾਨਾਂ ਦੀ ਸ਼ਕਤੀ ਮਜ਼ਬੂਤ ਕਰ ਕੇ ਸਰਕਾਰਾਂ ਤੋਂ ਮਸਲੇ ਹੱਲ ਕਰਵਾਏ ਜਾਣਗੇ।ਗੁਰਨਾਮ ਸਿੰਘ ਚੜੂੰਨੀ ਖੁੱਲ੍ਹ ਕੇ ਸਿਆਸਤ ਵਿੱਚ ਆਉਣ ਦੀ ਗੱਲ ਅਜੇ ਵੀ ਕਰੀ ਜਾ ਰਿਹਾ ਹੈ।

# ਐਡੀਸ਼ਨਲ ਡੀ ਜੀ ਪੀ ਅਸਥਾਨਾ ਦਾ ਛੁੱਟੀ ਜਾਣਾ ਚੰਨੀ ਸਰਕਾਰ ਲਈ ਚਿੰਤਾ ਦਾ ਕਾਰਨ ਬਣਿਆ

ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਐਡੀਸ਼ਨਲਡੀ ਜੀ ਪੀ (ਬਿਊਰੋ ਆਫ ਇਨਵੈਸਟੀਗੇਸ਼ਨ) ਐਸ ਕੇ ਅਸਥਾਨਾ ਦਾ ਅਚਾਨਕ ਛੁੱਟੀਚਲੇ ਜਾਣਾ ਪੰਜਾਬ ਸਰਕਾਰ ਲਈ ਚਿੰਤਾ ਦਾ ਕਾਰਨ ਬਣ ਗਿਆ ਹੈ। ਉਚ ਪੱਧਰੀ ਸੂਤਰਾਂ ਮੁਤਾਬਕ ਐਸ ਕੇ ਅਸਥਾਨਾ ਨੇ ਵਿਭਾਗ ਨੂੰ ਮੈਡੀਕਲ ਛੁੱਟੀ ਭੇਜ ਕੇ ਸਿਹਤ ਠੀਕ ਨਾ ਹੋਣ ਦੀ ਗੱਲ ਕਹੀ ਹੈ। ਕੁਝ ਦਿਨ ਪਹਿਲਾਂ ਉਸ ਨੂੰ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ (ਬੀ ਓ ਆਈ) ਬਣਾਇਆ ਗਿਆ ਸੀ, ਜਿਸ ਉੱਤੇ ਪੰਜਾਬ ਵਿੱਚ ਨਸ਼ਿਆਂ ਦੇ ਕੇਸ ਉੱਤੇ ਕਾਰਵਾਈ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਜਾਸਕਾਰ ਸੂਤਰਾਂ ਮੁਤਾਬਕ ਇਸ ਬਾਰੇ ਮੁੱਖ ਮੰਤਰੀ ਨੇ ਕੱਲ੍ਹ ਸਵੇਰੇ ਇੱਕ ਮਹੱਤਵਪੂਰਨ ਮੀਟਿੰਗ ਰੱਖੀ ਸੀ, ਪਰ ਅਸਥਾਨਾ ਨੇ ਸਿਹਤ ਠੀਕ ਨਾ ਹੋਣ ਦੀ ਗੱਲ ਕਹਿ ਕੇ ਮੀਟਿੰਗ ਵਿੱਚ ਜਾਣ ਤੋਂ ਅਸਮਰੱਥਾ ਜਤਾਈ ਤੇ ਛੋਟ ਮੰਗੀ। ਪਤਾ ਲੱਗਾ ਹੈ ਕਿ ਅਸਥਾਨਾ ਦੀ ਗੈਰ ਮੌਜੂਦਗੀ ਕਾਰਨ ਮੀਟਿੰਗ ਨਹੀਂ ਹੋਈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿਛਲੇ ਦੋ ਹਫਤਿਆਂ ਤੋਂ ਨਸ਼ਿਆਂ ਦੇ ਕੇਸ ਵਿੱਚ ਕਾਰਵਾਈ ਲਈ ਲਗਾਤਾਰ ਮੀਟਿੰਗਾਂ ਚੱਲ ਰਹੀਆਂ ਹਨ। ਮੁੱਖ ਮੰਤਰੀ ਚਰਨਜੀਤ ਚੰਨੀ ਦੀ ਪ੍ਰਧਾਨਗੀ ਹੇਠ ਹੋਣ ਵਾਲੀਆਂ ਮੀਟਿੰਗਾਂ ਵਿੱਚ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਐਸ ਟੀ ਐਫ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ, ਐਸ ਕੇ ਅਸਥਾਨਾ ਤੇ ਜ਼ੀਰਾ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੀ ਸ਼ਾਮਲ ਹੁੰਦੇ ਰਹੇ ਹਨ। ਇਨ੍ਹਾਂ ਸੂਤਰਾਂ ਮੁਤਾਬਕ ਕਈ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਨਸ਼ਿਆਂ ਬਾਰੇ ਕਾਰਵਾਈ ਲਈ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਹਾਮੀ ਨਹੀਂ ਭਰੀ। ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇ ਦੱਸਿਆ ਕਿ ਬਹੁਤੇ ਅਫਸਰ ਅਸੈਂਬਲੀ ਚੋਣਾਂ ਨੇੜੇ ਹੋਣ ਕਾਰਨ ਇਸ ਕਾਰਵਾਈ ਤੋਂ ਝਿਜਕਦੇ ਹਨ। ਅਸਥਾਨਾ ਦੇ ਅਚਾਨਕ ਛੁੱਟੀਜਾਣ ਕਾਰਨ ਸਰਕਾਰ ਦੀ ਹਾਲਤ ਕਸੂਤੀ ਹੋ ਗਈ ਹੈ ਕਿਉਂਕਿ ਨਸ਼ਿਆਂ ਅਤੇ ਬੇਅਦਬੀ ਬਾਰੇ ਕਾਰਵਾਈ ਨਾ ਹੋਣ ਕਾਰਨ ਪੰਜਾਬ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਆਪਣੀ ਸਰਕਾਰ ਉੱਤੇ ਨਿਸ਼ਾਨਾ ਕੱਸਦਾ ਹੈ। ਕੁਝ ਦਿਨ ਪਹਿਲਾਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਤਕਨੀਕੀ ਸਿੱਖਿਆ ਮੰਤਰੀ ਰਾਣਾ ਵਿਚਾਲੇਕੈਬਨਿਟ ਮੀਟਿੰਗ ਵਿੱਚ ਤਲਖਕਲਾਮੀ ਵੀ ਹੋਈ ਸੀ।ਰਾਣਾ ਗੁਰਜੀਤ ਸਿੰਘ ਨੇ ਬੇਅਦਬੀ ਅਤੇ ਨਸ਼ਿਆਂ ਦੇ ਕੇਸ ਵਿੱਚ ਕਾਰਵਾਈ ਨਾ ਹੋਣ ਬਾਰੇ ਪੁੱਛਿਆ ਤਾਂ ਦੋਵਾਂ ਮੰਤਰੀਆਂ ਵਿੱਚ ਗੱਲ ਵਧ ਗਈ ਸੀ। ਸਰਕਾਰ ਲਈ ਇਨ੍ਹਾਂ ਅਹਿਮ ਅਤੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਕਾਨੂੰਨੀ ਕਾਰਵਾਈ ਕਰਨਾ ਚੁਣੌਤੀ ਬਣਦਾ ਜਾਂਦਾ ਹੈ। ਕਾਂਗਰਸ ਵੱਲੋਂ ਸਾਲ 2017 ਦੀਆਂ ਚੋਣਾਂ ਦੌਰਾਨ ਇਨ੍ਹਾਂ ਦੋਵਾਂ ਮੁੱਦਿਆਂ ਉੱਤੇ ਅਕਾਲੀਆਂ ਨੂੰ ਘੇਰਨ ਕਰ ਕੇ ਅਗਲੀਆਂ ਚੋਣਾਂ ਮੌਕੇ ਕਾਂਗਰਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਕਿਸੇ ਪੁਲਸ ਅਫਸਰ ਦੇ ਛੁੱਟੀਜਾਣ ਜਾਂ ਪੜਤਾਲ ਤੋਂ ਹਟਣ ਨਾਲ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਉੱਤੇ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਐਸ ਕੇ ਅਸਥਾਨਾ ਦੀ ਛੁੱਟੀ ਬਾਰੇ ਉਨ੍ਹਾਂ ਨੂੰ ਪਤਾ ਨਹੀਂ, ਪਰ ਐਡੀਸ਼ਨਲ ਡੀ ਜੀ ਪੀ ਦੇ ਛੁੱਟੀ ਉੱਤੇ ਜਾਣ ਨਾਲ ਕੀ ਫਰਕ ਪੈ ਸਕਦਾ ਹੈ, ਕਰਵਾਈ ਤਾਂ ਇੱਕ ਸਬ ਇੰਸਪੈਕਟਰ ਪੱਧਰ ਦਾ ਪੁਲਸ ਕਰਮਚਾਰੀ ਵੀ ਕਰ ਸਕਦਾ ਹੈ।


# ਪੁਲਸ ਤਸ਼ੱਦਦ ਦੀ ਸ਼ਿਕਾਰ ਲੜਕੀ ਦੀ ਮੌਤ ਪਿੱਛੋਂ ਡੀ ਐਸ ਪੀ ਸਮੇਤ ਚਾਰ ਜਣਿਆਂ ਉੱਤੇ ਕੇਸ ਦਰਜ

ਜਗਰਾਓਂ, 12 ਦਸੰਬਰ (ਪੋਸਟ ਬਿਊਰੋ)- ਪੁਲਸ ਤਸ਼ੱਦਦ ਦਾ ਸ਼ਿਕਾਰ ਪਿੰਡ ਰਸੂਲਪੁਰ ਦੀ ਕੁਲ-ਵੰਤ ਕੌਰ ਦੇ ਇਨਸਾਫ ਦੀ ਉਡੀਕ ਵਿੱਚ ਲਾਸ਼ ਬਣ ਜਾਣ ਪਿੱਛੋਂ ਕੱਲ੍ਹ ਜਗਰਾਓਂ ਪੁਲਸ ਨੇ ਡੀ ਐਸ ਪੀ ਗੁਰਿੰਦਰ ਸਿੰਘ ਬੱਲ, ਸਬ ਇੰਸਪੈਕਟਰ ਰਾਜਬੀਰ ਸਿੰਘ ਸਮੇਤ ਦੋ ਹੋਰਾਂ ਉੱਤੇਕੇਸ ਦਰਜ ਕਰ ਲਿਆ ਹੈ। ਪੁਲਸ ਤਸ਼ੱਦਦ ਕਾਰਨ ਪੀੜਤ ਪਰਵਾਰ ਲੰਬੇ ਸਮੇਂ ਤੋਂ ਲੜਾਈ ਲੜਦਾ ਰਿਹਾ ਸੀ ਤੇ ਕਈ ਜਾਂਚ ਰਿਪੋਰਟਾਂ ਵਿੱਚਓਦੋਂ ਦੇ ਥਾਣਾ ਸਿਟੀ ਦੇ ਮੁਖੀ ਗੁਰਿੰਦਰ ਸਿੰਘ ਬੱਲ, ਜੋ ਇਸ ਵੇਲੇ ਭਵਾਨੀਗੜ੍ਹ ਵਿਖੇ ਡੀ ਐਸ ਪੀ ਹੈ, ਦੇ ਨਾਲ ਰਾਜਬੀਰ ਸਿੰਘ ਉੱਤੇ ਝੂਠੇ ਗਵਾਹਾਂ ਵਿਰੁੱਧ ਕਾਰਵਾਈ ਬਾਰੇ ਲਿਖਿਆ ਗਿਆ ਸੀ, ਪਰ ਇਹ ਜਾਂਚ ਰਿਪੋਰਟਾਂ ਜਗਰਾਓਂ ਪੁਲਸ ਕੋਲ ਦੱਬੀਆਂ ਰਹੀਆਂ ਸਨ।





ਵਰਨਣ ਯੋਗ ਹੈ ਕਿ ਪੁਲਸ ਤਸ਼ੱਦਦ ਦੀ ਪੀੜਤਾਂ ਪਿਛਲੇ ਕਈ ਸਾਲਾਂ ਤੋਂ ਮੰਜੇ ਉੱਤੇ ਹੀ ਪਈ ਜ਼ਿੰਦਗੀ-ਮੌਤ ਦੀ ਲੜਾਈ ਲੜਦੀ ਕੱਲ੍ਹ ਦਮ ਤੋੜ ਗਈ। ਇਸ ਪਰਵਾਰ ਦੇ ਹੱਕ ਵਿੱਚ ਕਿਸਾਨ ਜਥੇਬੰਦੀਆਂ ਨੇ ਵੀ ਸੰਘਰਸ਼ ਦਾ ਬਿਗਲ ਵਜਾ ਦਿੱਤਾ ਸੀ। ਕੁਲਵੰਤ ਕੌਰ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਇਨਸਾਫ ਪਸੰਦ ਜਥੇਬੰਦੀਆਂ ਇਸ ਪਰਵਾਰ ਨਾਲ ਜ਼ਿਲ੍ਹਾ ਪੁਲਸ ਮੁਖੀ ਰਾਜਬਚਨ ਸਿੰਘ ਸੰਧੂ ਨੂੰ ਮਿਲ ਕੇ ਆਈਆਂ ਸਨ। ਕੁਲਵੰਤ ਕੌਰ ਦੀ ਮੌਤ ਤੋਂ ਬਾਅਦ ਇਸ ਪਰਵਾਰ ਨੇ ਕੱਲ੍ਹ ਇਨਕਲਾਬੀ ਜਥੇਬੰਦੀਆਂ ਦੇ ਸਹਿਯੋਗ ਨਾਲ ਫੈਸਲਾ ਲਿਆ ਸੀਕਿ ਉਸ ਦਾ ਉਦੋਂ ਤਕ ਅੰਤਿਮ ਸਸਕਾਰ ਨਹੀਂ ਕਰਨਗੇ, ਜਦੋਂ ਤਕ ਉਸ ਕੇਸ ਦੇ ਦੋਸ਼ੀ ਪੁਲਸ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਹੁੰਦੀ।ਕੁਲਵੰਤ ਕੌਰ ਦੇ ਭਰਾ ਇਕਬਾਲ ਸਿੰਘ ਰਸੂਲਪੁਰ ਨੇ ਦੱਸਿਆ ਕਿ ਐਸ ਐਸ ਪੀ ਸੰਧੂ ਵੱਲੋਂ ਦਿੱਤੇ ਭਰੋਸੇ ਅਨੁਸਾਰ ਦੇਰ ਸ਼ਾਮ ਡੀ ਐਸ ਪੀ ਗੁਰਿੰਦਰ ਸਿੰਘ ਬੱਲ, ਸਬ ਇੰਸਪੈਕਟਰ ਰਾਜਬੀਰ ਸਿੰਘ ਅਤੇ ਸਾਬਕਾ ਸਰਪੰਚ ਹਰਜੀਤ ਸਿੰਘ ਅਤੇ ਪੰਚ ਧਿਆਨ ਸਿੰਘ ਦੇ ਵਿਰੁੱਧ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਕਰਨ, ਝੂਠਾ ਰਿਕਾਰਡ ਬਣਾਉਣ ਦੇ ਨਾਲ ਐਸ ਸੀ, ਐਸ ਟੀ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਮੌਕੇ ਇਨਕਲਾਬੀ ਜਥੇਬੰਦੀਆਂ ਵੱਲੋਂ ਤਰਲੋਚਨ ਸਿੰਘ ਝੋਰੜਾਂ ਨੇ ਭਰੋਸਾ ਦਿੱਤਾ ਕਿ ਉਹ ਪੁਲਸ ਅਧਿਕਾਰੀ ਦੀ ਗ੍ਰਿਫਤਾਰੀ ਕਰਵਾਉਣ ਲਈ ਪਰਵਾਰ ਦੇ ਨਾਲ ਖੜ੍ਹੇ ਰਹਿਣਗੇ।



## ਮੁੰਡਿਆਂ ਨਾਲ ਖੇਡਣ ਉੱਤੇ ਤਾਅਨੇ ਮਾਰਦੇ ਸਨ, ਅੱਜ ਸ਼ਲਾਘਾ ਕਰਦੇ ਨੇ: ਮਨੀਸ਼ਾ



ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਬਰਾਜ਼ੀਲ ਵਿਰੁੱਧ ਕੌਮਾਂਤਰੀ ਟੂਰਨਾਮੈਂਟ ਵਿੱਚ ਗੋਲ ਕਰ ਕੇ ਸੁਰਖੀਆਂ 'ਚ ਆਈ ਭਾਰਤੀ ਮਹਿਲਾ ਫੁੱਟਬਾਲ ਟੀਮ ਦੀ ਖਿਡਾਰਨ ਮਨੀਸ਼ਾ ਕਲਿਆਣ ਨੇ ਕਿਹਾ ਕਿ ਜਿਹੜੇ ਲੋਕ ਲੜਕਿਆਂ ਨਾਲ ਉਸ ਦੇ ਫੁੱਟਬਾਲ ਖੇਡਣ ਉੱਤੇ ਤਾਅਨੇ ਮਾਰਦੇ ਸਨ,ਅੱਜ ਉਹੀ ਉਸ ਦੀ ਸ਼ਲਾਘਾ ਕਰਦੇ ਹਨ।

ਏ ਐਫ ਸੀ ਏਸ਼ੀਆਈ ਕੱਪ ਦੀਆਂ ਤਿਆਰੀਆਂ ਹੇਠ ਭਾਰਤੀ ਟੀਮ ਨੇ ਚਾਰ ਦੇਸ਼ਾਂ ਦੇ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਬਰਾਜ਼ੀਲ ਦਾ ਦੌਰਾ ਕੀਤਾ ਸੀ। ਆਲ ਇੰਡੀਆ ਫੁੱਟਬਾਲ ਫੈਡਰੇਸ਼ਨ (ਏ ਆਈ ਐਫ ਐਫ) ਵੱਲੋਂ ਆਨਲਾਈਨ ਪੱਤਰਕਾਰ ਸੰਮੇਲਨ ਵਿੱਚ ਬੋਲਦਿਆਂ ਮਨੀਸ਼ਾ ਨੇ ਕਿਹਾ, ''ਜਦੋਂ ਮੈਂ ਸਕੂਲ ਵਿੱਚ ਸੀ ਤਾਂ ਪਿੰਡ ਦੇ ਮੁੰਡਿਆਂ ਨਾਲ ਖੇਡਦੀ ਸੀ। ਇੱਕ-ਦੋ ਵਾਰ ਮੇਰੇ ਮਾਂ-ਬਾਪਨੂੰ ਸ਼ਿਕਾਇਤ ਵੀ ਕੀਤੀ ਗਈ ਕਿ ਮੈਂ ਮੁੰਡਿਆਂ ਨਾਲ ਖੇਡਣ ਵਾਲੀ ਇਕੱਲੀ ਲੜਕੀ ਕਿਉਂ ਹਾਂ।'' ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇਦੀ 20 ਸਾਲਾ ਇਸ ਖਿਡਾਰਨ ਨੇ ਕਿਹਾ, 'ਸ਼ਿਕਾਇਤ ਕਰਨ ਵਾਲਿਆਂ ਨੇ ਕਿਹਾ ਕਿ ਇੱਕ ਕੁੜੀ ਲਈ ਮੁੰਡਿਆਂ ਨਾਲ ਖੇਡਣਾ ਚੰਗਾ ਨਹੀਂ, ਪਰ ਮੇਰੇ ਮਾਂ-ਬਾਪ ਨੇ ਹਮੇਸ਼ਾ ਮੇਰਾ ਸਾਥ ਦਿੱਤਾ। ਇਸ ਲਈ ਮੈਂ ਉਨ੍ਹਾਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ।'' ਮਨੀਸ਼ਾ ਨੇ ਕਿਹਾ ਕਿ ਬਰਾਜ਼ੀਲ ਤੋਂ ਪਰਤਣ ਪਿੱਛੋਂ ਸਥਿਤੀ ਵਿੱਚ ਕਾਫੀ ਬਦਲਾਅ ਆਇਆ ਹੈ।ਉਸ ਨੇ ਕਿਹਾ, ''ਪਿੰਡ ਦੇ ਕਈ ਲੋਕ ਮੇਰੇ ਮਾਤਾ-ਪਿਤਾ ਨੂੰ ਮਿਲਣ ਆਏ ਤੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮੈਂ ਸਹੀ (ਖੇਡ ਨੂੰ ਕਰੀਅਰ ਵਜੋਂ ਚੁਣਕੇ) ਕਦਮ ਚੁੱਕਿਆ ਹੈ।''

## ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣ ਨੂੰ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਚੁਣੌਤੀ



ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਸਰਹੱਦੀ ਸੁਰੱਖਿਆ ਬਲ (ਬੀ ਐਸ ਐਫ) ਦਾ ਅਧਿਕਾਰ ਖੇਤਰ ਵਧਾਉਣ ਦੇ ਮੁੱਦੇ ਉੱਤੇ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਉਸ ਨੂੰ ਬਿਨਾਂ ਪੁੱਛੇ ਬੀ ਐਸ ਐਫ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ ਪੰਜਾਹ ਕਿਲੋਮੀਟਰ ਕਰ ਦਿੱਤਾ ਗਿਆ ਹੈ, ਜੋ ਕਿ ਠੀਕ ਨਹੀਂ ਹੈ।

ਐਡਵੋਕੇਟ ਅਸ਼ੋਕ ਕੇ ਮਹਾਜਨ ਵੱਲੋਂ ਦਾਇਰ ਪੰਜਾਬ ਸਰਕਾਰ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਕੇਂਦਰ ਦੀ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਬੀ ਐਸ ਐਫ ਮੁੱਦੇ ਉੱਤੇ ਅਜੇ ਤਕ ਪੰਜਾਬ ਸਰਕਾਰ ਸਿਆਸੀ ਲੜਾਈ ਲੜ ਰਹੀ ਸੀ, ਪਰ ਐਡਵੋਕੇਟ ਜਨਰਲ ਡੀ ਐਸ ਪਟਵਾਲੀਆ ਦੀ ਨਿਯੁਕੀਤ ਤੋਂ ਬਾਅਦ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਪੰਜਾਬ ਸਰਕਾਰ ਦਾ ਤਰਕ ਹੈ ਕਿ ਕੇਂਦਰ ਵੱਲੋਂ ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣ ਨਾਲ ਰਾਜ ਦੇ ਅਧਿਕਾਰਾਂ ਵਿੱਚ ਦਖਲ ਦਿੱਤਾ ਗਿਆ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਦੇ ਪੱਖ ਤੋਂ ਵੀ ਇਹ ਉਚਿਤ ਨਹੀਂ। ਕੇਂਦਰ ਦੇ ਇਸ ਫੈਸਲੇ ਨਾਲ ਕਰੀਬ 27 ਹਜ਼ਾਰ ਵਰਗ ਕਿਲੋਮੀਟਰ ਖੇਤਰ ਬੀ ਐਸ ਐਫ ਦੇ ਅਧਿਕਾਰ ਵਿੱਚ ਆ ਗਿਆ ਹੈ, ਜੋ ਪੰਜਾਬ ਦਾ ਅੱਧਾ ਹਿੱਸਾ ਹੈ।ਬੀ ਐਸ ਐਫ ਸਫਾਈ ਦੇ ਚੁੱਕੀ ਹੈ ਕਿ ਉਹ ਸਿਰਫ ਪੁਲਸ ਨਾਲ ਸਹਿਯੋਗ ਕਰੇਗੀ, ਕੇਸ ਦਰਜ ਕਰਨ ਤੋਂ ਜਾਂਚ ਅਤੇ ਅਦਾਲਤ ਵਿੱਚ ਚਲਾਨ ਪੇਸ਼ ਕਰਨ ਦਾ ਕੰਮ ਪੰਜਾਬ ਪੁਲਸ ਕਰੇਗੀ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਬੀ ਐਸ ਐਫ ਦਾ ਅਧਿਕਾਰ ਖੇਤਰ ਵਧਾਉਣ ਬਾਰੇ ਉੱਤੇ ਸਰਬਦਲੀ ਮੀਟਿੰਗ ਕੀਤੀ ਸੀ, ਜਿਸ ਤੋਂ ਬਾਅਦ ਵਿਧਾਨ ਸਭਾ ਨੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ।

## ਦਿੱਲੀ ਮੋਰਚੇ ਤੋਂ ਕਿਸਾਨਾਂ ਦੇ ਮੁੜਨ ਮਗਰੋਂ ਗਰੀਬਾਂ ਨੂੰ ਰੋਟੀ ਦੀ ਚਿੰਤਾ ਲੱਗੀ

* ਕਿਸਾਨਾਂ ਦੇ ਟੈਂਟਾਂ ਵਿੱਚ ਸੌਣ ਵਾਲੇ ਬੇਘਰੇ ਫਿਰ ਫੁੱਟਪਾਥ ਉੱਤੇ ਪਹੁੰਚੇ



ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨ ਰੱਦ ਹੋਣ ਮਗਰੋਂ ਹਜ਼ਾਰਾਂ ਕਿਸਾਨਾਂ ਵੱਲੋਂ ਦਿੱਲੀ ਦੇ ਸਿੰਘੂ ਬਾਰਡਰ ਤੋਂ ਮੋਰਚਾ ਚੁੱਕ ਕੇ ਘਰੀਂ ਪਰਤਣ ਪਿੱਛੋਂ ਉਥੇ ਨੇੜੇ ਰਹਿੰਦੇ 13 ਸਾਲਾਂ ਦੇ ਆਰੀਅਨ ਸਣੇ ਹੋਰ ਗਰੀਬ ਲੋਕਾਂ ਨੂੰ ਰੋਟੀ ਦੀ ਚਿੰਤਾ ਲੱਗ ਗਈ ਹੈ। ਉਹ ਸਾਰੇ ਪਿਛਲੇ ਇੱਕ ਸਾਲ ਤੋਂ ਧਰਨੇ ਦੇਂਦੇ ਕਿਸਾਨਾਂ ਦੇ ਲੰਗਰ ਵਿੱਚ ਖਾਣਾ ਖਾਂਦੇ ਸਨ। ਰੋਜ਼ ਵਾਂਗ ਕੱਲ੍ਹ ਸਵੇਰੇ ਵੱਡੀ ਗਿਣਤੀ ਵਿੱਚ ਬੱਚੇ ਤੇ ਸਥਾਨਕ ਗਰੀਬ ਲੋਕ, ਜਿਨ੍ਹਾਂ ਵਿੱਚ ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਵਾਲੇ ਵੀ ਸ਼ਾਮਲ ਸਨ, ਨਾਸ਼ਤਾ ਕਰਨ ਲਈ ਕਿਸਾਨਾਂ ਦੇ ਲੰਗਰ ਵਿੱਚ ਪਹੁੰਚੇ, ਪਰ ਕਿਸਾਨ ਜਾ ਚੁੱਕੇ ਹੋਣ ਕਾਰਨ ਉਨ੍ਹਾਂ ਨੂੰ ਓਥੋਂ ਲੰਗਰ ਨਸੀਬ ਨਹੀਂ ਹੋ ਸਕਿਆ।

ਕੁੰਡਲੀ ਵਿੱਚ ਝੁੱਗੀਆਂ ਵਿੱਚ ਰਹਿੰਦੇ ਆਰੀਅਨ ਨੇ ਕਿਹਾ, ਅਸੀਂ ਸਵੇਰ, ਦੁਪਹਿਰ ਤੇ ਰਾਤ ਦਾ ਖਾਣਾ ਇੱਥੋਂ ਖਾਂਦੇ ਸੀ। ਕੱਲ੍ਹ ਇੱਥੇ ਇਹ ਸਾਡਾ ਆਖਰੀ ਨਾਸ਼ਤਾ ਸੀ। ਫਿਰ ਸਾਨੂੰ ਆਪਣਾ ਖਾਣਾ ਆਪ ਬਣਾਉਣਾ ਜਾਂ ਹੋਰ ਵਸੀਲਾ ਦੇਖਣਾ ਪਵੇਗਾ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਧਰਨੇ ਵਾਲੀ ਥਾਂ ਆਉਂਦੇ ਇਨ੍ਹਾਂ ਬੱਚਿਆਂ ਨਾਲ ਮੋਹ ਹੋ ਗਿਆ ਸੀ, ਕਿਉਂਕਿ ਇਹ ਉਨ੍ਹਾਂ ਨੂੰ ਆਪਣੇ ਪੁੱਤਾਂ ਤੇ ਪੋਤਰਿਆਂ ਦੀ ਯਾਦ ਦਿਵਾਉਂਦੇ ਹਨ। ਮੁਹਾਲੀ ਤੋਂ ਸਤਵੰਤ ਸਿੰਘ ਨੇ ਕਿਹਾ, ਇੱਥੇ ਖਾਣਾ ਖਾਣ ਆਉਂਦੇ ਇਹ ਬੱਚੇ ਸਾਡੇ ਧਰਨੇ ਦਾ ਹਿੱਸਾ ਬਣ ਗਏ ਸਨ। ਇਹ ਮੈਨੂੰ ਮੇਰੇ ਪੋਤਰਿਆਂ ਦੀ ਯਾਦ ਦਿਵਾਉਂਦੇ ਹਨ। ਉਨ੍ਹਾਂ ਦਾ ਇੱਥੇ ਹੋਣਾ ਵਧੀਆ ਲੱਗਦਾ ਸੀ। ਬਸਤੀਆਂ ਵਿੱਚ ਰਹਿੰਦੇ ਇਹ ਲੋਕ ਆਮ ਤੌਰ ਉੱਤੇਓਧਰ ਫੈਕਟਰੀਆਂ ਅਤੇ ਵੇਅਰਹਾਊਸਾਂ ਵਿੱਚ ਕੰਮ ਕਰਦੇ ਹਨ। ਕਿਸਾਨਾਂ ਦੇ ਟੈਂਟਾਂ ਵਿੱਚ ਰਹਿੰਦੇ ਬੇਘਰਿਆਂ ਨੂੰ ਆਪਣਾ ਸਾਮਾਨ ਰੱਖਣ ਦੀ ਚਿੰਤਾ ਵੀ ਸਤਾ ਰਹੀ ਹੈ। ਬਿਹਾਰ ਦੇ ਸੁਪੌਲ ਦੇ ਮੋਨੂੰ ਕੁਸ਼ਵਾਹਾ (38) ਨੇ ਕਿਹਾ ਕਿ ਕਿਸਾਨਾਂ ਦੇ ਪਿਛਲੇ ਵਰ੍ਹੇ ਇੱਥੇ ਆਉਣ ਤੋਂ ਪਹਿਲਾਂ ਉਹ ਫੁੱਟਪਾਥ ਉੱਤੇ ਸੌਂਦਾ ਸੀ, ਕਿਸਾਨਾਂ ਦੇ ਆਉਣ ਮਗਰੋਂ ਉਸ ਨੇ ਹੋਰਨਾਂ ਵਾਂਗ ਕਿਸਾਨਾਂ ਦੇ ਟੈਂਟ ਵਿੱਚ ਸੌਣਾ ਅਤੇ ਉਥੇ ਲੰਗਰ ਛਕਣਾ ਸ਼ੁਰੂ ਕਰ ਦਿੱਤਾ। ਕਿਸਾਨਾਂ ਦੇ ਜਾਣ ਮਗਰੋਂ ਫਿਰ ਫੁੱਟਪਾਥ ਉੱਤੇ ਸੌਣਾ ਪਵੇਗਾ।

## ਭਾਰਤ ਨੇ ਅਫਗਾਨਿਸਤਾਨ ਨੂੰ ਖ਼ੁਰਾਕ ਤੇ ਦਵਾਈਆਂ ਦੀ ਮਦਦ ਭੇਜੀ



ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸੱਤਾ ਵਿੱਚ ਆਉਣ ਪਿੱਛੋਂ ਪਹਿਲੀ ਵਾਰ ਭਾਰਤ ਨੇ ਉਸ ਨੂੰ ਮਨੁੱਖੀ ਆਧਾਰ ਉੱਤੇ ਸਹਾਇਤਾ ਭੇਜੀ ਹੈ।

ਬੀਤੇ ਸ਼ੁੱਕਰਵਾਰ ਜਿਸ ਜਹਾਜ਼ ਰਾਹੀਂ 94 ਅਫਗਾਨੀ ਹਿੰਦੂਆਂ, ਸਿੱਖਾਂ ਤੇ 10 ਭਾਰਤੀ ਨਾਗਰਿਕਾਂ ਦਾ ਜਥਾ ਨਵੀਂ ਦਿੱਲੀ ਆਇਆ ਸੀ, ਕੱਲ੍ਹ ਉਸੇ ਵਿੱਚ ਭਾਰਤ ਨੇ 1.6 ਟਨ ਦਵਾਈਆਂ ਕਾਬੁਲ ਭੇਜੀਆਂ ਹਨ।ਇਹ ਦਵਾਈਆਂ ਕਾਬੁਲ ਵਿੱਚ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੂੰ ਭੇਜੀਆਂ ਹਨ। ਭਾਰਤ ਨੇ ਪਹਿਲਾਂ ਹੀ ਸਾਫ ਕਰ ਦਿੱਤਾ ਕਿ ਮਨੁੱਖੀ ਆਧਾਰ ਉੱਤੇ ਭੇਜੀ ਗਈ ਮਦਦ ਸਿੱਧੇ ਤਾਲਿਬਾਨ ਪ੍ਰਸ਼ਾਸਨ ਦੇ ਹੱਥ ਵਿੱਚ ਦੇਣ ਦੀ ਥਾਂ ਕੌਮਾਂਤਰੀ ਏਜੰਸੀਆਂ ਰਾਹੀਂ ਵੰਡੀ ਜਾਏ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਸਰਕਾਰ ਦੀ ਚਾਰਟਰਡ ਉਡਾਣ ਆਪਰੇਸ਼ਨ ਦੇਵੀ ਸ਼ਕਤੀ ਦੇ ਤਹਿਤ 10 ਦਸੰਬਰ ਨੂੰ ਦਿੱਲੀ ਆਈ ਸੀ। ਇਸ ਵਿੱਚ 104 ਲੋਕਾਂ ਦੇ ਇਲਾਵਾ ਦੋ ਗੁਰੂ ਗ੍ਰੰਥ ਸਾਹਿਬ ਤੇ ਹਿੰਦੂਆਂ ਦੇ ਧਾਰਮਿਕ ਗ੍ਰੰਥ ਲਿਆਂਦੇ ਗਏ ਸਨ। ਆਪਰੇਸ਼ਨ ਦੇਵੀ ਸ਼ਕਤੀ ਨਾਲ ਅੱਜ ਤਕ 669 ਲੋਕਾਂ ਨੂੰ ਅਫਗਾਨਿਸਤਾਨ ਤੋਂ ਲਿਆਂਦਾ ਜਾ ਚੁੱਕਾ ਹੈ। ਇਸ ਵਿੱਚ 448 ਭਾਰਤੀ ਨਾਗਰਿਕ ਅਤੇ 106 ਅਫਗਾਨੀ ਨਾਗਰਿਕ ਸ਼ਾਮਲ ਹਨ।ਅਫਗਾਨਿਸਤਾਨ ਵਿੱਚ ਚੁਣੌਤੀਪੂਰਨ ਹਾਲਾਤ ਦੇਖਦੇ ਹੋਏ ਭਾਰਤ ਸਰਕਾਰ ਨੇ ਇਸੇ ਜਹਾਜ਼ ਰਾਹੀਂ ਦਵਾਈਆਂ ਭੇਜੀਆਂ ਹਨ। ਇਹ ਦਵਾਈਆਂ ਡਬਲਯੂ ਐਚ ਓ ਦੇ ਰਾਹੀਂ ਕਾਬੁਲ ਦੇ ਇੰਦਰਾ ਗਾਂਧੀ ਚਿਲਡਰਨ ਹਸਪਤਾਲ ਭੇਜੀਆਂ ਜਾਣਗੀਆਂ।ਇੰ-ਦਰਾ ਗਾਂਧੀ ਚਿਲਡਰਨ ਹਸਪਤਾਲ ਭਾਰਤ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਵੱਡਾ ਹਸਪਤਾਲ ਹੈ। ਪੂਰੇ ਅਫਗਾਨਿਸਤਾਨ ਵਿੱਚ ਬੱਚਿਆਂ ਦੇ ਇਲਾਜ ਦਾ ਇਹ ਇੱਕੋ-ਇੱਕ ਕੇਂਦਰ ਹੈ। 23 ਸਾਲ ਪਹਿਲਾਂ ਤਾਲਿਬਾਨ ਨੇ ਇਹ ਹਸਪਤਾਲ ਵੀ ਬੰਦ ਕਰਵਾ ਦਿੱਤਾ ਸੀ। ਬਾਅਦ ਵਿੱਚ ਹਾਮਿਦ ਕਰਜ਼ਈ ਸਰਕਾਰ ਦੇ ਰਾਜ ਵਿੱਚ ਭਾਰਤ ਨੇ ਮਦਦ ਦੇ ਕੇ ਹਸਪਤਾਲ ਫਿਰ ਚਾਲੂ ਕਰਾਇਆ ਸੀ। ਸੂਚਨਾ ਹੈ ਕਿ ਤਾਲਿਬਾਨ ਦੇ ਸੱਤਾ ਵਿੱਚ ਆਉਣ ਪਿੱਛੋਂ ਇਸ ਹਸਪਤਾਲ ਦੀ ਸਥਿਤੀ ਵੀ ਖਰਾਬ ਅਤੇ ਦਵਾਈਆਂ ਦੀ ਕਮੀ ਹੈ। ਭਾਰਤ ਤੋਂ ਕਾਬੁਲ ਗਏਵਿਸ਼ੇਸ਼ ਜਹਾਜ਼ ਵਿੱਚ ਤਕਰੀਬਨ ਸੌ ਅਫਗਾਨੀ ਨਾਗਰਿਕ ਵੀ ਆਪਣੇ ਵਤਨ ਮੁੜੇ ਹਨ। ਭਾਰਤ ਵੱਲੋਂ ਅਫਗਾਨਿਸਤਾਨ ਨੂੰ ਪੰਜਾਹ ਹਜ਼ਾਰ ਟਨ ਕਣਕ ਭੇਜਣ ਦੀ ਵੀ ਕੋਸ਼ਿਸ਼ ਹੋ ਰਹੀ ਹੈ, ਜਿਹੜੀ ਪਾਕਿਸਤਾਨ ਦੇ ਰਸਤੇ ਭੇਜਣੀ ਹੈ। ਪਾਕਿਸਤਾਨ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ।

## ਅਮਰੀਕਾ ਨੇ ਚੀਨ ਅਤੇ ਕੁਝ ਹੋਰ ਦੇਸ਼ਾਂ ਉੱਤੇ ਪਾਬੰਦੀਆਂ ਲਾਈਆਂ



ਵਾਸ਼ਿੰਗਟਨ, 12 ਦਸੰਬਰ (ਪੋਸਟ ਬਿਊਰੋ)- ਅਮਰੀਕਾ ਨੇ ਕੱਲ੍ਹ ਚੀਨ, ਮਿਆਂਮਾਰ, ਉਤਰੀ ਕੋਰੀਆ ਅਤੇ ਬੰਗਲਾ ਦੇਸ਼ ਆਦਿ ਦੀਆਂ ਦਰਜਨ ਤੋਂ ਵੱਧ ਸੰਸਥਾਵਾਂ ਤੇ ਲੋਕਾਂ ਉਤੇ ਮਨੁੱਖੀ ਅਧਿਕਾਰਾਂਬਾਰੇ ਪਾਬੰਦੀਆਂ ਲਾਈਆਂ ਹਨ ਅਤੇ ਚੀਨ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀ ਸੈਂਸਟਾਈਮ ਗਰੁੱਪ ਨੂੰ ਇਨਵੈਸਟਮੈਂਟ ਬਲੈਕਲਿਸਟ ਕਰ ਦਿੱਤਾ ਹੈ। ਕੰਪਨੀ ਉਤੇ ਚਿਹਰੇ ਜ਼ਰੀਏ ਘੱਟ ਗਿਣਤੀ ਉਈਗਰਾਂ ਦੀ ਪਛਾਣ ਕਰਨ ਵਾਲਾ ਸਾਫਟਵੇਅਰ ਬਣਾਉਣ ਦਾ ਦੋਸ਼ ਹੈ। ਸੈਂਸਟਾਈਮ ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸ ਕੇ ਕਿਹਾ ਕਿ ਉਸ ਨੇ ਸਥਾਨਕ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਇਹ ਕਦਮ ਮਨੁੱਖੀ ਅਧਿਕਾਰ ਦਿਵਸ ਮੌਕੇ ਚੁੱਕਿਆ ਹੈ। ਜੋਅ ਬਾਇਡੇਨ ਦੇ ਰਾਸ਼ਟਰਪਤੀ ਬਣਨ ਪਿੱਛੋਂ ਪਹਿਲੀ ਵਾਰ ਉਤਰੀ ਕੋਰੀਆ ਖਿਲਾਫ ਪਾਬੰਦੀ ਲਾਈ ਹੈ। ਡਿਪਟੀ ਟਰੈਜ਼ਰੀ ਸੈਕਟਰੀ ਵੈਲੀ ਏਡੇਮੋ ਨੇ ਇੱਕ ਬਿਆਨ ਵਿੱਚ ਕਿਹਾ, 'ਅੱਜ ਬ੍ਰਿਟੇਨ ਤੇ ਕੈਨੇਡਾ ਦੀ ਸਾਂਝ ਨਾਲ ਲਾਈਆਂ ਪਾਬੰਦੀਆਂ ਸੰਦੇਸ਼ ਦਿੰਦੀਆਂ ਹਨ ਕਿ ਦੁਨੀਆ ਭਰ ਦੇ ਲੋਕਤੰਤਰ ਉਨ੍ਹਾਂ ਦੇਸ਼ਾਂ ਦੇ ਖਿਲਾਫ ਕਾਰਵਾਈ ਕਰਨਗੇ, ਜੋ ਸਟੇਟ ਦੀ ਸ਼ਕਤੀ ਦੀ ਦੁਰਵਰਤੋਂ ਤੇ ਜਬਰ ਕਰਦੇ ਹਨ।' ਚੀਨ ਦੀਆਂ ਤਿੰਨ ਕੰਪਨੀਆਂ ਉਤੇ ਵੀ ਪਾਬੰਦੀਆਂ ਲਾਈਆਂ ਗਈਆਂ ਹਨ।ਅਮਰੀਕਾ ਨੇ ਮਿਆਂਮਾਰ ਵਿੱਚ ਫੌਜ ਤੇ ਪੁਲਸ ਲਈ ਹਥਿਆਰ ਬਣਾਉਣ ਵਾਲੇ ਡਾਇਰੈਕਟਰ ਆਫ ਡਿਫੈਂਸ ਇੰਡਸਟਰੀਜ਼ ਉੱਤੇ ਵੀ ਪਾਬੰਦੀ ਲਾਈ ਹੈ। ਇੱਕ ਫਰਵਰੀ ਦੇ ਤਖਤਾ ਪਲਟ ਵਿੱਚ ਇਸ ਦੀ ਵਰਤੋਂ ਕੀਤੀ ਗਈ ਸੀ। ਇਸ ਤੋਂ ਇਲਾਵਾ ਮਿਆਂਮਾਰ ਦੇ ਮਿਲਟਰੀ ਪ੍ਰਸ਼ਾਸਨ ਦੀ ਅਗਵਾਈ ਕਰਦੇ ਮਾਓ ਵਸੇਵਿਨ ਸਮੇਤ ਚਾਰ ਰਾਜਾਂ ਦੇ ਮੁੱਖ ਮੰਤਰੀਆਂ ਉਤੇ ਪਾਬੰਦੀ ਲਾਈ ਗਈ ਹੈ।

ਕੈਨੇਡਾ ਨੇ ਮਿਆਂਮਾਰ ਦੀ ਫੌਜੀ ਸਰਕਾਰ ਨਾਲ ਜੁੜੀਆਂ ਸੰਸਥਾਵਾਂ ਤੇ ਬ੍ਰਿਟੇਨ ਨੇ ਓਦੋਂ ਦੀ ਫੌਜ ਖਿਲਾਫ ਨਵੀਆਂ ਪਾਬੰਦੀਆਂ ਲਾਈਆਂ ਹਨ। ਟਰੈਜ਼ਰੀ ਨੇ ਉਤਰੀ ਕੋਰੀਆ ਦੇ ਸੈਂਟਰਲ ਪ੍ਰਾਸੀਕਿਊਟਰਜ਼ ਆਫਿਸ ਅਤੇ ਰੱਖਿਆ ਮੰਤਰੀ ਰਿ ਯੋਂਗ ਗਿਲ ਖਿਲਾਫ ਪਾਬੰਦੀ ਲਾਈ ਹੈ। ਉਤਰੀ ਕੋਰੀਆ ਨੂੰ ਕਾਮੇ ਹਾਸਲ ਕਰਵਾਉਣ ਲਈ ਰੂਸ ਦੀ ਇੱਕ ਯੂਨੀਵਰਸਿਟੀ ਉੱਤੇ ਵੀ ਪਾਬੰਦੀ ਲਾਈ ਗਈ ਹੈ। ਇਸ ਤੋਂ ਇਲਾਵਾ ਚੀਨ, ਬੇਲਾਰੂਸ ਅਤੇ ਸ੍ਰੀਲੰਕਾ ਦੇ 12 ਲੋਕਾਂ ਖਿਲਾਫ ਅਮਰੀਕਾ ਵਿੱਚ ਐਂਟਰੀ ਦੀ ਪਾਬੰਦੀ ਲਗਾਈ ਗਈ ਹੈ।

## ਮਾਂ ਨੇ ਧੀ ਦੀ ਆਈ ਡੀ ਚੋਰੀ ਕਰ ਕੇ ਕਾਲਜ 'ਚ ਦਾਖਲਾ ਲੈ ਲਿਆ

ਵਾਸ਼ਿੰਗਟਨ, 12 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਮਾਂ ਨੇ ਆਪਣੀ ਧੀ ਦੀ ਆਈ ਡੀ ਚੋਰੀ ਕਰ ਕੇ ਉਸ ਨਾਲ ਕਾਲਜ ਵਿੱਚ ਦਾਖਲ ਲੈ ਲਿਆ ਅਤੇ ਉਥੇ ਯੰਗ ਲੜਕੇ ਨੂੰ ਡੇਟ ਕਰਨ ਲੱਗ ਪਈ।

ਮਿਲੀਆਂ ਖਬਰਾਂ ਮੁਤਾਬਕ ਲੌਰਾ ਓਗਲੇਸਬੇ ਨਾਂਅ ਦੀ ਔਰਤ (48 ਸਾਲ) ਆਪਣੇ ਪਲਾਨ ਰਾਹੀਂ ਸਰਕਾਰ ਤੇ ਹੋਰ ਲੋਕਾਂ ਨੂੰ ਚਕਮਾ ਦੇਂਦੀ ਰਹੀ, ਪਰ ਜਦ ਉਸ ਦੀ ਚੋਰੀ ਫੜੀ ਗਈ ਤਾਂ 25000 ਡਾਲਰ ਦਾ ਜੁਰਮਾਨਾ ਲੱਗਾ ਅਤੇ ਨਾਲ ਪੰਜ ਸਾਲ ਦੀ ਜੇਲ੍ਹ ਦੀ ਸਜ਼ਾ ਵੀ ਹੋਈ ਹੈ। ਉਸ ਨੇ ਆਪਣੀ ਧੀ ਦੇ ਨਾਂਅ ਉਤੇ ਸਾਊਥ ਵੈਸਟ ਬੈਪਿਸਟ ਯੂਨੀਵਰਸਿਟੀ ਵਿੱਚ ਦਾਖਲਾ ਲਿਆ। ਇਸ ਦੇ ਲਈ ਉਸ ਨੇ ਆਪਣੇ ਧੀ ਦਾ ਸੋਸ਼ਲ ਸਕਿਓਰਿਟੀ ਕਾਰਡ ਚੋਰੀ ਕੀਤਾ। ਇਹੀ ਨਹੀਂ ਉਸ ਨੇ ਡਰਾਈਵਿੰਗ ਲਾਇਸੈਂਸ ਵੀ ਆਪਣੀ ਧੀ ਦੇ ਨਾਂਅ ਦਾ ਲੈ ਲਿਆ। ਕਾਲਜ ਦਾਖਲਾ ਲੈਣ ਮਗਰੋਂ ਉਹ ਆਪਣੇ ਤੋਂ ਵੀਹ ਸਾਲ ਛੋਟੇ ਲੜਕੇ ਨੂੰ ਡੇਟ ਵੀ ਕਰਨ ਲੱਗੀ। ਉਸ ਨੇ ਉਸ ਨੂੰ ਆਪਣੀ ਉਮਰ ਸਿਰਫ 22 ਸਾਲ ਦੱਸੀ ਸੀ, ਜਦ ਕਿ ਉਸ ਦੀ ਉਮਰ 48 ਸਾਲ ਹੈ। ਉਕਤ ਔਰਤ ਨੇ ਕਾਲਜ ਤੋਂ ਤਕਰੀਬਨ ਪੰਜ ਲੱਖ ਰੁਪਏ ਦਾ ਕਰਜ਼ਾ ਵੀ ਲੈ ਲਿਆ।

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨੂੰ ਸੰਪਰਕ ਕਰੋ ਜੀ।

## ਸ੍ਰੀ ਨਨਕਾਣਾ ਸਾਹਿਬ ਤੋਂ ਸਿੱਖ ਲੜਕੀ ਦੂਜੀ ਵਾਰ ਅਗਵਾ

ਲਾਹੌਰ, 12 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੀ ਇੱਕ ਸਿੱਖ ਲੜਕੀ ਰਜਮੀਤ ਕੌਰ ਦੇ ਦੂਜੀ ਵਾਰ ਅਗਵਾ ਹੋਣ ਦਾ ਕੇਸ ਪਤਾ ਲੱਗਾ ਹੈ। ਇਹ ਲੜਕੀ ਇਸ ਤੋਂ ਪਹਿਲਾਂ ਅਗਵਾ ਕੀਤੀ ਜਗਜੀਤ ਕੌਰ ਪੁੱਤਰੀ ਹੈਡ ਗਰੰਥੀ ਭਾਈ ਭਗਵਾਨ ਸਿੰਘ (ਗੁਰਦੁਆਰਾ ਸ੍ਰੀ ਤੰਬੂ ਸਾਹਿਬ, ਸ੍ਰੀ ਨਨਕਾਣਾ ਸਾਹਿਬ) ਦੇ ਪੇਕੇ ਪਰਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਹਕੀਮ ਰਣਜੀਤ ਸਿੰਘ ਦੀ ਧੀ ਹੈ, ਜਿਸ ਦੀਆਂ ਸ਼ੇਖੂਪੁਰਾ ਤੇ ਲਾਹੌਰ ਵਿੱਚ ਹਕੀਮੀ ਦੀਆਂ ਦੁਕਾਨਾਂ ਹਨ। ਪਾਕਿ ਸਿੱਖ ਭਾਈਚਾਰੇ ਨੇ ਲੜਕੀ ਨੂੰ ਉਸ ਦੇ ਪਰਵਾਰ ਦੇ ਸਪੁਰਦ ਕਰਨ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਜੁਨੈਦ ਨਾਂਅ ਦੇ ਨੌਜਵਾਨ ਵੱਲੋਂਰਜਮੀਤ ਕੌਰ ਨੂੰ ਅਗਵਾ ਕਰਨ ਦਾ ਕੇਸ ਇਸੇ ਵਰ੍ਹੇ 27 ਮਾਰਚ ਨੂੰ ਉੱਭਰਿਆ ਸੀ। ਸਿੱਖ ਭਾਈਚਾਰੇ ਨੇ ਨਾਂਅ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਰਜਮੀਤ ਕੌਰ ਇਸਲਾਮ ਕਬੂਲ ਕਰ ਕੇ ਜ਼ੰਨਤ ਬੀਬੀ ਬਣ ਚੁੱਕੀ ਹੈ ਅਤੇ ਉਸ ਨੇ ਜ਼ਿਲ੍ਹਾ ਫੈਸਲਾਬਾਦ ਦੀ ਤਹਿਸੀਲ ਜੜ੍ਹਾਂਵਾਲਾ ਦੀ ਮਸਜਿਦ ਵਿੱਚ ਜੁਨੈਦ ਨਾਲ ਨਿਕਾਹ ਕਰ ਲਿਆ ਹੈ। ਪਤਾ ਲੱਗਾ ਹੈ ਕਿ ਉਥੇ ਲੋਕਲ ਪ੍ਰਸ਼ਾਸਨ ਨੇ ਦਖਲ ਦੇ ਕੇ ਰਜਮੀਤ ਅਤੇ ਜੁਨੈਦ ਦੋਵਾਂ ਨੂੰ ਥਾਣੇ ਲਿਆ ਕੇ ਉਨ੍ਹਾਂ ਦੇ ਮਾਪਿਆਂ ਨੂੰ ਸਮਝੌਤਾ ਕਰਾਉਣ ਲਈ ਸੱਦਿਆ ਸੀ। ਪਰਵਾਰਾਂ ਦੇ ਸਹਿਮਤ ਨਾ ਹੋਣ ਉੱਤੇ ਪੁਲਸ ਨੇ ਲੜਕੀ ਨੂੰ ਲਾਹੌਰ ਦੇ ਦਾਰੂਲ ਉਲੂਮ ਸ਼ੈਲਟਰ ਹੋਮ ਵਿਖੇ ਭੇਜ ਦਿੱਤਾ। ਇਸ ਮਾਮਲੇ ਵਿੱਚ ਅਜੇ ਤਕ ਥਾਣੇ ਵਿੱਚ ਸ਼ਿਕਾਇਤ ਵੀ ਦਰਜ ਨਹੀਂ ਕੀਤੀ ਗਈ।

## ਪੋਲੀਓ ਟੀਮ ਦੀ ਸੁਰੱਖਿਆ ਕਰਦੀ ਪੁਲਸ ਟੀਮ ਉਤੇ ਬੰਦੂਕਬਾਜ਼ਾਂ ਦਾ ਹਮਲਾ, ਇੱਕ ਮੌਤ

ਪਿਸ਼ਾਵਰ, 12 ਦਸੰਬਰ (ਪੋਸਟ ਬਿਊਰੋ)- ਉਤਰ-ਪੱਛਮੀ ਪਾਕਿਸਤਾਨ ਵਿੱਚ ਪੋਲੀਓ ਟੀਕਾਕਰਨ ਟੀਮ ਦੀ ਸੁਰੱਖਿਆ ਵਿੱਚ ਲੱਗੇ ਦੋ ਪੁਲਸ ਵਾਲਿਆਂ ਉਤੇ ਬੰਦੂਕਧਾਰੀਆਂ ਨੇ ਹਮਲਾ ਕਰ ਦਿੱਤਾ, ਜਿਸ ਵਿੱਚ ਇੱਕ ਦੀ ਮੌਤ ਹੋ ਗਈ ਤੇ ਇੱਕ ਹੋਰ ਜ਼ਖਮੀ ਹੋ ਗਿਆ, ਜਿਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਤਹਿਰੀਕ ਏ ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦੇ ਬੁਲਾਰੇ ਮੁਹੰਮਦ ਖੁਰਾਸਾਨੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਸ ਸੰਗਠਨ ਨੂੰ ਪਾਕਿਸਤਾਨੀ ਤਾਲਿਬਾਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਟੀ ਟੀ ਪੀ ਵੱਲੋਂ ਸ਼ੁੱਕਰਵਾਰ ਨੂੰ ਸਰਕਾਰ ਨਾਲ ਇੱਕ ਮਹੀਨੇ ਤੋਂ ਚੱਲਦੀ ਜੰਗਬੰਦੀ ਖਤਮ ਕਰਨ ਦੇ ਐਲਾਨ ਪਿੱਛੋਂ ਇਹ ਪਹਿਲਾ ਹਮਲਾ ਹੈ। ਦੋਵਾਂ ਧਿਰਾਂ ਵਿਚਾਲੇ ਸ਼ਾਂਤੀ ਵਾਰਤਾ ਕਾਰਨ ਨਵੰਬਰ ਵਿੱਚ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ। ਟੀਕਾਕਰਨ ਮੁਹਿੰਮ ਦੇ ਬੁਲਾਰੇ ਏਮਲ ਖਾਨ ਦੇ ਅਨੁਸਾਰ ਇਹ ਹਮਲਾ ਪੰਜ ਦਿਨਾਂ ਪੋਲੀਓ ਵਿਰੋਧੀ ਟੀਕਾਕਰਨ ਮੁਹਿੰਮ ਦੇ ਦੂਜੇ ਦਿਨ ਟਾਂਕ ਜ਼ਿਲ੍ਹੇ ਵਿੱਚ ਹੋਇਆ। ਹਮਲੇ ਵਿਚ ਇੱਕ ਕਾਂਸਟੇਬਲ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਇੱਕ ਫਰੰਟੀਅਰ ਕਾਂਸਟੇਬਲ ਅਧਿਕਾਰੀ ਗੰਭੀਰ ਜ਼ਖਮੀ ਹੋ ਗਿਆ।

# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR
FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 **(2009,2008) 2012,2011,2010) **(RE/MAX International) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017